Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 283 30/01/2025 www.samajweekly.com samajweekly @samajweekly samajweekly

# ਮਹਾਕੁੰਭ: ਮੌਨੀ ਅਮਾਵੱਸਿਆ ਮੌਕੇ ਮਚੀ ਭਗਦੜ ’ਚ 30 ਮੌਤਾਂ, 70 ਜ਼ਖ਼ਮੀ





**ਪ੍ਰਯਾਗਰਾਜ।** ਪ੍ਰਯਾਗਰਾਜ ਦੇ ਸੰਗਮ ਤੱਟ 'ਤੇ ਮੰਗਲਵਾਰ ਦੀ ਦੇਰ ਰਾਤ ਕਰੀਬ 1.30 ਵਜੇ ਭਗਦੜ ਮੱਚ ਗਈ। ਇਸ ਹਾਦਸੇ 'ਚ ਹੁਣ ਤੱਕ 30 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। 70 ਤੋਂ ਵੱਧ ਸ਼ਰਧਾਲੂ ਜ਼ਖ਼ਮੀ ਹੋਏ ਹਨ। ਪੀਐਮ ਮੋਦੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ। ਸੀਐਮ ਯੋਗੀ ਆਦਿਤਿਆਨਾਥ ਨੇ ਲੋਕਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ- ਸ਼ਰਧਾਲੂਆਂ ਨੂੰ ਸੰਗਮ 'ਤੇ ਹੀ ਇਸ਼ਨਾਨ ਕਰਨ ਬਾਰੇ ਨਹੀਂ ਸੋਚਣਾ ਚਾਹੀਦਾ।

ਗੰਗਾ ਹਰ ਥਾਂ ਪਵਿੱਤਰ ਹੈ, ਜਿੱਥੇ ਵੀ ਹੋਵੇ ਉਸੇ ਕੰਢੇ ਇਸ਼ਨਾਨ ਕਰੋ।

ਡੀਆਈਜੀ ਮਹਾਕੁੰਭ ਵੈਭਵ ਕ੍ਰਿਸ਼ਨ ਨੇ ਦੱਸਿਆ ਕਿ ਅੱਜ ਕੁੰਭ ਮੇਲੇ ਵਿੱਚ 10 ਕਰੋੜ ਤੋਂ ਵੱਧ ਸ਼ਰਧਾਲੂਆਂ ਦੇ ਆਉਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਭੀੜ ਕਾਬੂ ਹੇਠ ਹੈ। ਕ੍ਰਿਸ਼ਨਾ ਨੇ ਕਿਹਾ, 'ਅਸੀਂ ਅੱਜ 10 ਕਰੋੜ ਤੋਂ ਵੱਧ ਲੋਕਾਂ ਦੇ ਆਉਣ ਦੀ ਉਮੀਦ ਕਰਦੇ ਹਾਂ... ਭੀੜ ਨੂੰ ਕਾਬੂ ਕਰਨ ਲਈ ਸਾਡੇ ਸਾਰੇ ਅਧਿਕਾਰੀ ਅਤੇ ਕਰਮਚਾਰੀ ਕੱਲ੍ਹ ਸ਼ਾਮ ਤੋਂ ਹੀ ਤਾਇਨਾਤ ਕੀਤੇ ਗਏ ਹਨ। ਇੱਥੇ ਸਾਰੇ ਘਾਟਾਂ 'ਤੇ ਲੋਕ ਸ਼ਾਂਤੀ ਨਾਲ ਇਸ਼ਨਾਨ ਕਰ ਰਹੇ ਹਨ... ਸਵੇਰੇ ਬਹੁਤ ਘੱਟ ਦਬਾਅ ਅਤੇ ਭਾਰੀ ਭੀੜ ਸੀ। ਕਈ ਅਖਾੜਿਆਂ ਨੇ ਸਾਨੂੰ ਭੀੜ ਨੂੰ ਕਾਬੂ ਕਰਨ ਲਈ ਕਿਹਾ ਸੀ ਅਤੇ ਕਿਹਾ ਸੀ ਕਿ ਉਹ ਬਾਅਦ ਵਿਚ ਇਸ਼ਨਾਨ ਕਰਨ ਲਈ ਚਲੇ ਜਾਣਗੇ। ਉਨ੍ਹਾਂ ਕਿਹਾ, “ਹੁਣ ਜਦੋਂ ਭੀੜ ਕਾਬੂ ਵਿੱਚ ਹੈ, ਅਖਾੜਿਆਂ ਅਤੇ ਸੰਤਾਂ ਦੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਹਨ। ਅਖਾੜਾ ਮਾਰਗ ਅਤੇ ਅਖਾੜਾ ਘਾਟ ਤਿਆਰ ਹੈ।

ਪੂਰੇ ਇਲਾਕੇ ਨੂੰ ਸੈਨੇਟਾਈਜ਼ ਕਰ ਦਿੱਤਾ ਗਿਆ ਹੈ ਅਤੇ ਅਸੀਂ ਅਖਾੜਿਆਂ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਹੈ ਅਤੇ ਉਹ ਜਲਦੀ ਹੀ ਇੱਥੇ ਇਸ਼ਨਾਨ ਕਰਨ ਲਈ ਆਉਣਾ ਸ਼ੁਰੂ ਕਰ ਦੇਣਗੇ... ਸਾਡੇ ਕੋਲ ਭਗਦੜ ਦੇ ਪੀੜਤਾਂ ਦੀ ਅਧਿਕਾਰਤ ਗਿਣਤੀ ਨਹੀਂ ਹੈ ਕਿਉਂਕਿ ਅਸੀਂ ਇੱਥੇ ਭੀੜ ਨੂੰ ਨਿਯੰਤਰਿਤ ਕਰਨ ਵਿੱਚ ਲੱਗੇ ਹੋਏ ਹਾਂ। ਜ਼ਖ਼ਮੀਆਂ ਦਾ ਇਲਾਜ ਚੱਲ ਰਿਹਾ ਹੈ।''

# ਪੀ.ਜੀ. ਮੈਡੀਕਲ ਕੋਰਸਾਂ ’ਚ ਸੂਬਿਆਂ ਵਲੋਂ ਨਿਵਾਸ ਅਧਾਰਤ ਰਾਖਵਾਂਕਰਨ ਦੇਣਾ ਗੈਰ-ਸੰਵਿਧਾਨਕ : ਸੁਪਰੀਮ ਕੋਰਟ

## ਕਿਹਾ, ਜੇਕਰ ਇਸ ਤਰ੍ਹਾਂ ਦੇ ਰਾਖਵੇਂਕਰਨ ਦੀ ਇਜਾਜ਼ਤ ਦਿਤੀ ਜਾਂਦੀ ਹੈ ਤਾਂ ਇਹ ਬਹੁਤ ਸਾਰੇ ਵਿਦਿਆਰਥੀਆਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਹੋਵੇਗੀ

**ਨਵੀਂ ਦਿੱਲੀ ।** ਸੁਪਰੀਮ ਕੋਰਟ ਨੇ ਬੁਧਵਾਰ ਨੂੰ ਇਕ ਇਤਿਹਾਸਕ ਫ਼ੈਸਲੇ ’ਚ ਕਿਹਾ ਕਿ ਕਿਸੇ ਸੂਬੇ ਵਲੋਂ ਪੋਸਟ ਗ੍ਰੈਜੂਏਟ ਮੈਡੀਕਲ ਕੋਰਸਾਂ ’ਚ ਨਿਵਾਸ ਆਧਾਰਤ ਰਾਖਵਾਂਕਰਨ ਗੈਰ-ਸੰਵਿਧਾਨਕ ਹੈ। ਜਸਟਿਸ ਰਿਸ਼ੀਕੇਸ਼ ਰਾਏ, ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਐਸ.ਵੀ.ਐਨ. ਭੱਟੀ ਦੇ ਤਿੰਨ ਜੱਜਾਂ ਦੇ ਬੈਂਚ ਨੇ ਕਿਹਾ ਕਿ ਜੇਕਰ ਇਸ ਤਰ੍ਹਾਂ ਦੇ ਰਾਖਵੇਂਕਰਨ ਦੀ ਇਜਾਜ਼ਤ ਦਿਤੀ ਜਾਂਦੀ ਹੈ ਤਾਂ ਇਹ ਕਈ ਵਿਦਿਆਰਥੀਆਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਹੋਵੇਗੀ। ਹਾਲਾਂਕਿ ਪਹਿਲਾਂ ਤੋਂ ਜਾਰੀ ਰਾਖਵਾਂਕਰਨ ਪ੍ਰਭਾਵਤ ਨਹੀਂ ਹੋਵੇਗਾ। ਇਹ ਫੈਸਲਾ ਮਹੱਤਵਪੂਰਨ ਹੈ ਕਿਉਂਕਿ ਇਹ ਯਕੀਨੀ ਕਰਦਾ ਹੈ ਕਿ ਵੱਖ-ਵੱਖ ਸੂਬਿਆਂ ਨੂੰ ਅਲਾਟ ਕੀਤੇ ਕੋਟੇ ਤਹਿਤ ਪੀ.ਜੀ. ਮੈਡੀਕਲ ਕੋਰਸਾਂ ਵਿੱਚ ਦਾਖਲਾ ਸਿਰਫ ਮੈਰਿਟ ਦੇ ਆਧਾਰ 'ਤੇ ਹੋ ਸਕਦਾ ਹੈ, ਯਾਨੀ ‘ਓਠ, ਜਾਂ ਰਾਸ਼ਟਰੀ ਯੋਗਤਾ / ਦਾਖਲਾ ਟੈਸਟ, ਸਕੋਰ। ਬੈਂਚ ਨੇ ਕਿਹਾ, ‘‘ਅਸੀਂ ਸਾਰੇ ਭਾਰਤ ਦੇ ਖੇਤਰ ਦੇ ਮੂਲ ਵਾਸੀ ਹਾਂ। ਅਸੀਂ ਸਾਰੇ ਭਾਰਤ ਦੇ ਨਾਗਰਿਕ ਹਾਂ। ਇਕ ਨਾਗਰਿਕ ਅਤੇ ਇਕ ਦੇਸ਼ ਦੇ ਵਸਨੀਕ ਵਜੋਂ ਸਾਡਾ ਸਾਂਝਾ ਰਿਸ਼ਤਾ ਨਾ ਸਿਰਫ ਸਾਨੂੰ ਭਾਰਤ ’ਚ ਕਿਤੇ ਵੀ ਅਪਣੀ ਰਿਹਾਇਸ਼ ਦੀ ਚੋਣ ਕਰਨ ਦਾ ਅਧਿਕਾਰ ਦਿੰਦਾ ਹੈ ਬਲਕਿ ਸਾਨੂੰ ਭਾਰਤ ’ਚ ਕਿਤੇ ਵੀ ਵਪਾਰ ਅਤੇ ਕਾਰੋਬਾਰ ਜਾਂ ਪੇਸ਼ੇ ਨੂੰ ਜਾਰੀ ਰੱਖਣ ਦਾ ਅਧਿਕਾਰ ਵੀ ਦਿੰਦਾ ਹੈ।’’ ਬੈਂਚ ਨੇ ਕਿਹਾ, ‘‘ਇਹ ਸਾਨੂੰ ਪੂਰੇ ਭਾਰਤ ’ਚ ਵਿਦਿਅਕ ਸੰਸਥਾਵਾਂ ’ਚ ਦਾਖਲਾ ਲੈਣ ਦਾ ਅਧਿਕਾਰ ਵੀ ਦਿੰਦਾ ਹੈ। ਕਿਸੇ ਵਿਸ਼ੇਸ਼ ਸੂਬੇ ’ਚ ਰਹਿਣ ਵਾਲੇ ਲੋਕਾਂ ਨੂੰ ਮੈਡੀਕਲ ਕਾਲਜਾਂ ਸਮੇਤ ਵਿਦਿਅਕ ਸੰਸਥਾਵਾਂ ’ਚ ‘ਰਾਖਵਾਂਕਰਨ’ ਦਾ ਲਾਭ ਸਿਰਫ



ਐਮ.ਬੀ.ਬੀ.ਐਸ. ਕੋਰਸਾਂ ’ਚ ਇਕ ਨਿਸ਼ਚਿਤ ਡਿਗਰੀ ਤਕ ਦਿਤਾ ਜਾ ਸਕਦਾ ਹੈ।’’ ਸੁਪਰੀਮ ਕੋਰਟ ਨੇ ਕਿਹਾ ਕਿ ਪੀ.ਜੀ. ਮੈਡੀਕਲ ਕੋਰਸਾਂ ’ਚ ਮਾਹਰ ਡਾਕਟਰਾਂ ਦੀ ਮਹੱਤਤਾ ਦੇ ਮੱਦੇਨਜ਼ਰ ‘ਨਿਵਾਸ’ ਦੇ ਅਧਾਰ ’ਤੇ ਰਾਖਵਾਂਕਰਨ ਦੇਣਾ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਹੋਵੇਗੀ। ਬੈਂਚ ਨੇ ਕਿਹਾ ਕਿ ਜੇਕਰ ਇਸ ਤਰ੍ਹਾਂ ਦੇ ਰਾਖਵੇਂਕਰਨ ਦੀ ਇਜਾਜ਼ਤ ਦਿਤੀ ਜਾਂਦੀ ਹੈ ਤਾਂ ਇਹ ਬਹੁਤ ਸਾਰੇ ਵਿਦਿਆਰਥੀਆਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਹੋਵੇਗੀ, ਜਿਨ੍ਹਾਂ ਨਾਲ ਸਿਰਫ ਇਸ ਲਈ ਬੇਇਨਸਾਫੀ ਕੀਤੀ ਜਾ ਰਹੀ ਹੈ ਕਿਉਂਕਿ ਉਹ ਸੰਘ ਦੇ ਕਿਸੇ ਹੋਰ ਰਾਜ ਨਾਲ ਸਬੰਧਤ ਹਨ। ਇਹ ਸੰਵਿਧਾਨ ਦੀ ਧਾਰਾ 14 ’ਚ ਸਮਾਨਤਾ ਦੀ ਧਾਰਾ ਦੀ ਉਲੰਘਣਾ ਹੋਵੇਗੀ ਅਤੇ ਕਾਨੂੰਨ ਦੇ ਸਾਹਮਣੇ ਸਮਾਨਤਾ ਤੋਂ ਇਨਕਾਰ ਕਰਨ ਦੇ ਬਰਾਬਰ ਹੋਵੇਗਾ। ਸੁਪਰੀਮ ਕੋਰਟ ਨੇ ਕਿਹਾ ਕਿ ਸੰਸਥਾ ਅਧਾਰਤ ਰਾਖਵਾਂਕਰਨ ਦੀ ਉਚਿਤ ਗਿਣਤੀ ਤੋਂ ਇਲਾਵਾ ਰਾਜ ਕੋਟੇ ਦੀਆਂ ਸੀਟਾਂ ਸਿਰਫ ਆਲ ਇੰਡੀਆ ਇਮਤਿਹਾਨ ’ਚ ਮੈਰਿਟ ਦੇ ਅਧਾਰ ’ਤੇ ਭਰੀਆਂ ਜਾਣੀਆਂ ਚਾਹੀਦੀਆਂ ਹਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦਾ ਕਾਫ਼ਿਲਾ ਭਲਕੇ ਸ਼ੰਭੂ ਬਾਰਡਰ ਹੋਵੇਗਾ ਰਵਾਨਾ

**ਚੰਡੀਗੜ੍ਹ।** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੀਨੀਅਰ ਕਿਸਾਨ ਨੇਤਾ ਸਰਵਣ ਸਿੰਘ ਪੰਧੇਰ ਦੀ ਅਗਵਾਈ ਹੇਠ ਅੰਮ੍ਰਿਤਸਰ ਦਿੱਲੀ ਮੁੱਖ ਰਾਜ ਮਾਰਗ 'ਤੇ ਬਿਆਸ ਦਰਿਆ ਨੇੜੇ ਕਿਸਾਨਾਂ ਦੀਆਂ ਟਰੈਕਟਰ ਟਰਾਲੀਆਂ ਇਕੱਤਰ ਹੋਣੀਆਂ ਸ਼ੁਰੂ ਹੋਈਆਂ। ਜਿੱਥੇ ਅੱਜ ਦੇਰ ਰਾਤ ਤੱਕ ਕਿਸਾਨਾਂ ਦੀਆਂ ਟਰੈਕਟਰ ਟਰਾਲੀਆਂ ਇਕੱਤਰ ਹੋਣਗੀਆਂ ਅਤੇ ਬਾਅਦ ਵਿੱਚ ਸਵੇਰੇ ਤੜਕਸਾਰ 7 ਵਜੇ ਦੇ ਕਰੀਬ ਕਿਸਾਨ ਇੱਥੋਂ ਸ਼ੰਭੂ ਬਾਰਡਰ ਦੇ ਲਈ ਰਵਾਨਾ ਹੋਣਗੇ। ਇਸ ਦੌਰਾਨ ਗੱਲਬਾਤ ਕਰਦੇ ਹੋਏ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਨਾਲ ਸੰਬੰਧਿਤ 20 ਜੋਨਾਂ ਦੇ ਕਿਸਾਨ ਅੱਜ



ਬਿਆਸ ਦਰਿਆ ਨੇੜੇ ਇਕੱਤਰ ਹੋਣਗੇ। ਉਨ੍ਹਾਂ ਕਿਹਾ ਕਿ ਬੜੀ ਚੜ੍ਹਦੀ ਕਲਾ ਕਿਸਾਨ ਮਜ਼ਦੂਰ ਵੱਡੀ ਗਿਣਤੀ 'ਚ ਸ਼ਾਮਲ ਹੋ ਰਹੇ ਹਨ। ਕਿਸਾਨ ਆਗੂ ਨੇ ਕਿਹਾ ਕਿ ਸ਼ੰਭੂ ਮੋਰਚੇ 'ਤੇ ਸਿਰਫ਼ ਅੰਮ੍ਰਿਤਸਰ ਜ਼ਿਲ੍ਹਾ ਹੀ ਸ਼ਮੂਲੀਅਤ ਕਰੇਗਾ। ਕਿਉਂਕਿ ਅਜੇ 30 ਜਨਵਰੀ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੀ ਵਾਰੀ ਲੱਗੀ ਹੈ ਅਤੇ ਅਸੀਂ 20 ਜੋਨਾਂ ਤੋਂ ਟਰੈਕਟਰ ਟਰਾਲੀਆਂ ਲੈ ਕੇ ਪਹੁੰਚਾਗੇ। ਉਨ੍ਹਾਂ ਕਿਹਾ ਕਿ ਹੋਰ ਜ਼ਿਲ੍ਹਿਆ ਦੀ ਜਦੋਂ ਵਾਰੀ ਆਵੇਗੀ ਉਹ ਵੀ ਸ਼ੰਭੂ ਮੋਰਚੇ 'ਤੇ ਪਹੁੰਚਣਗੇ। ਉਹਨਾਂ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਮੰਨ ਨਹੀਂ ਲੈਂਦੇ ਉਦੋਂ ਤੱਕ ਇਹ ਮੋਰਚਾ ਇਸੇ ਤਰ੍ਹਾਂ ਹੀ ਨਿਰੰਤਰ ਜਾਰੀ ਰਹੇਗਾ ਅਤੇ ਕਿਸਾਨ ਸੰਘਰਸ਼ ਦੇ ਰਾਹ ਦੇ ਉੱਤੇ ਡਟੇ ਰਹਿਣਗੇ।

# ਵਾਲਮੀਕ ਭਾਈਚਾਰੇ ਵੱਲੋਂ ਭਲਕੇ ਫਿਰੋਜ਼ਪੁਰ ਬੰਦ ਕਰਨ ਦਾ ਸੱਦਾ

**ਫਿਰੋਜ਼ਪੁਰ।** ਵਾਲਮੀਕ ਭਾਈਚਾਰੇ ਵੱਲੋਂ ਭਲਕੇ 30 ਜਨਵਰੀ ਨੂੰ ਫਿਰੋਜ਼ਪੁਰ ਬੰਦ ਕਰਨ ਦਾ ਸੱਦਾ ਦਿੱਤਾ ਗਿਆ ਹੈ। ਜਾਣਕਾਰੀ ਦਿੰਦਿਆ ਵਾਲਮੀਕ ਭਾਈਚਾਰੇ ਦੇ ਆਗੂਆਂ ਨੇ ਦੱਸਿਆ ਕਿ ਬੀਤੇ ਦਿਨੀਂ ਅੰਮ੍ਰਿਤਸਰ ਵਿਖੇ ਇਕ ਵਿਅਕਤੀ ਵੱਲੋਂ ਡਾ. ਅੰਬੇਦਕਰ ਦੀ ਮੂਰਤੀ ਦੀ ਭੰਨ ਤੋੜ ਕੀਤੀ ਗਈ ਸੀ, ਜਿਸ ਕਰ ਕੇ ਵਾਲਮੀਕ ਭਾਈਚਾਰੇ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਵਾਲਮੀਕ ਭਾਈਚਾਰੇ ਨੇ ਦੱਸਿਆ ਕਿ 30 ਜਨਵਰੀ ਨੂੰ ਫਿਰੋਜ਼ਪੁਰ ਮੁੰਕਮਲ ਤੌਰ 'ਤੇ ਬੰਦ ਕੀਤਾ ਜਾਵੇਗਾ। ਭਲਕੇ ਬੰਦ ਦੌਰਾਨ ਸਰਕਾਰੀ ਅਤੇ ਪ੍ਰਾਈਵੇਟ ਅਦਾਰੇ, ਸਕੂਲ ਕਾਲਜ ਅਤੇ ਬਜ਼ਾਰ ਬੰਦ ਰਹਿਣਗੇ। ਵਾਲਮੀਕ ਭਾਈਚਾਰੇ ਵੱਲੋਂ ਸਵੇਰੇ 9 ਵਜੇ ਤੋਂ ਲੈਕੇ 5 ਵਜੇ ਤੱਕ ਬੰਦ ਦਾ ਸੱਦਾ ਦਿੱਤਾ ਗਿਆ ਹੈ। ਇਸ ਬੰਦ ਦੌਰਾਨ ਮੈਡੀਕਲ ਸੁਵਿਧਾਵਾਂ ਜਾਰੀ ਰਹਿਣ ਗੀਆਂ ਅਤੇ ਵਿਆਹ ਸ਼ਾਦੀ ਤੇ



ਆਉਣ ਜਾਣ ਵਾਲੇ ਲੋਕਾਂ ਨੂੰ ਨਹੀਂ ਰੋਕਿਆ ਜਾਵੇਗਾ।

# ਭਖਿਆ ਡਾ ਬੀ.ਆਰ. ਅੰਬੇਡਕਰ ਮੂਰਤੀ ਦਾ ਵਿਵਾਦ, ਕੇਂਦਰੀ ਮੰਤਰੀ ਪਹੁੰਚੇ ਅੰਮ੍ਰਿਤਸਰ

**ਅੰਮ੍ਰਿਤਸਰ।** ਗਣਤੰਤਰ ਦਿਵਸ ਮੌਕੇ ਅੰਮ੍ਰਿਤਸਰ ਵਿਰਾਸਤੀ ਮਾਰਗ ਦੇ ਉੱਪਰ ਲੱਗੇ ਡਾਕਟਰ ਬੀਆਰ ਅੰਬੇਦਕਰ ਜੀ ਦੀ ਪ੍ਰਤਿਮਾ ਨਾਲ ਛੇੜਛਾੜ ਦਾ ਮਾਮਲੇ ਤੋਂ ਬਾਅਦ ਪੂਰੇ ਦੇਸ਼ ਦੇ ਵਿੱਚ ਇਸ ਦਾ ਰੋਸ ਦੇਖਣ ਨੂੰ ਮਿਲ ਰਿਹਾ ਹੈ। ਪੰਜਾਬ ਚ ਕਈ ਜਿਲ੍ਹਿਆਂ ਦੇ ਵਿੱਚ ਦਲਿਤ ਭਾਈਚਾਰੇ ਵੱਲੋਂ ਹੜਤਾਲ ਕਰਕੇ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਅੱਜ ਕੇਂਦਰੀ ਮੰਤਰੀ ਰਾਮਦਾਸ ਅਠਾਵਲੇ ਅੰਮ੍ਰਿਤਸਰ ਪਹੁੰਚੇ ਅਤੇ ਉਹਨਾਂ ਨੇ ਪਹਿਲਾਂ ਡਾਕਟਰ ਬੀ ਆਰ ਅੰਬੇਦਕਰ ਜੀ ਦੀ ਪ੍ਰਤਿਮਾ ਤੇ ਜਾ ਕੇ ਸ਼ਰਧਾ ਸੁਮਨ ਦੇ ਫੁੱਲ ਅਰਪਿਤ ਕੀਤੇ ਅਤੇ ਉਸ ਤੋਂ ਬਾਅਦ ਉਹਨਾਂ ਨੇ ਇਸ ਮਾਮਲੇ ਨੂੰ ਲੈ ਕੇ ਪ੍ਰੈੱਸ ਕਾਨਫਰੰਸ ਕੀਤੀ ਅਤੇ ਗਣਤੰਤਰਤਾ ਦਿਵਸ ਦੇ ਦਿਨ ਵਾਪਰੀ ਇਸ ਘਟਨਾ ਦੀ ਸਖਤ ਸ਼ਬਦਾਂ ਦੇ ਵਿੱਚ ਨਖੇਦੀ ਕੀਤੀ ਅਤੇ ਇਸ ਦੇ ਨਾਲ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਨੇ ਕਿਹਾ ਕਿ



ਪੁਲਿਸ ਦੀ ਬਹੁਤ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ ਕਿਉਂਕਿ ਗਣਤੰਤਰਤਾ ਦਿਵਸ ਦੇ ਉੱਪਰ ਸੰਵਿਧਾਨ ਨਿਰਮਾਤਾ ਡਾਕਟਰ ਬੀ ਆਰ ਅੰਬੇਦਕਰ ਜਿਹਦੀ ਪ੍ਰਤਿਮਾ ਦੇ ਨਜ਼ਦੀਕ ਪੁਲਿਸ ਸੁਰੱਖਿਆ ਵੀ ਹੋਣੀ ਚਾਹੀਦੀ ਸੀ। ਉਹਨਾਂ ਕਿਹਾ ਕਿ ਅੱਜ ਉਹਨਾਂ ਵੱਲੋਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਅਤੇ ਹੋਰ ਪੁਲਿਸ ਅਧਿਕਾਰੀਆਂ ਦੇ ਨਾਲ ਮੀਟਿੰਗ ਕੀਤੀ ਗਈ ਹੈ ਉਸ ਦੇ ਵਿੱਚ ਅਸੀਂ ਇਹ ਵੀ ਕਿਹਾ ਹੈ ਕਿ ਡਾਕਟਰ ਬੀ ਆਰ ਅੰਬੇਦਕਰ ਜੀ ਦੀ ਪ੍ਰਤਿਮਾ ਨੂੰ ਅਗਰ ਫੁੱਲ ਅਰਪਿਤ ਕਰਨੇ ਹੈ ਤਾਂ ਕਾਰਪੋਰੇਸ਼ਨ ਦਾ ਅਧਿਕਾਰੀ ਜਾਂ ਜਿਲੇ ਦਾ ਮੇਅਰ ਹੀ ਪ੍ਰਤਿਮਾ ਦੇ ਨਜ਼ਦੀਕ ਜਾਵੇ ਅਤੇ ਬਾਕੀ ਜਿੰਨੀਆਂ ਵੀ ਜਥੇਬੰਦੀਆਂ ਹਨ ਉਹ ਡਾਕਟਰ ਬੀ ਆਰ ਅੰਬੇਡਕਰ ਜੀ ਦੇ ਚਰਨਾਂ ਦੇ ਨਜ਼ਦੀਕ ਹੀ ਫੁੱਲ ਅਰਪਿਤ ਕਰਨ। ਅਤੇ ਇਸ ਤੋਂ ਇਲਾਵਾ ਡਾਕਟਰ ਬੀ ਆਰ ਅੰਬੇਦਕਰ ਜੀ ਦੀ ਪ੍ਰਤਿਭਾ ਨੂੰ ਸ਼ੀਸ਼ੇ ਚ ਵੀ ਜਿਹੜੇ ਜਾਵੇ ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਜਿਸ ਵਿਅਕਤੀ ਵੱਲੋਂ ਇਹ ਘਨੋਨੀ ਹਰਕਤ ਕੀਤੀ ਗਈ ਸੀ ਉਸ ਵਿਅਕਤੀ ਖਿਲਾਫ ਪੁਲਿਸ ਕਾਰਵਾਈ ਤਾਂ ਕਰ ਰਹੀ ਹੈ ਲੇਕਿਨ ਅਸੀਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮਿਲ ਕੇ ਇਹ ਮੰਗ ਕਰਾਂਗੇ ਕਿ ਉਸ ਵਿਅਕਤੀ ਤੇ ਦੇਸ਼ ਦਰੋਹੀ ਦਾ ਪਰਚਾ ਦਰਜ ਹੋਣਾ ਚਾਹੀਦਾ ਹੈ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਪੰਜਾਬ-ਚੰਡੀਗੜ੍ਹ ਵਿੱਚ 3 ਦਿਨ ਪਵੇਗਾ ਮੀਂਹ

**ਚੰਡੀਗੜ੍ਹ।** ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਅਗਲੇ ਛੇ ਦਿਨਾਂ ਲਈ ਸੰਘਣੀ ਧੁੰਦ ਅਤੇ ਠੰਢੀ ਲਹਿਰ ਤੋਂ ਰਾਹਤ ਮਿਲੇਗੀ। ਮੌਸਮ ਵਿਭਾਗ ਅਨੁਸਾਰ, ਇੱਕ ਪੱਛਮੀ ਗੜਬੜੀ ਬਣ ਰਹੀ ਹੈ। ਇਸ ਦੇ ਚਲਦੇ 31 ਜਨਵਰੀ ਤੋਂ ਲੈ ਕੇ 3 ਫ਼ਰਵਰੀ ਤਕ ਪੰਜਾਬ ਵਿੱਚ ਕੁਝ ਥਾਵਾਂ 'ਤੇ ਮੀਂਹ ਪੈ ਸਕਦਾ ਹੈ। ਪਿਛਲੇ 24 ਘੰਟਿਆਂ ਦੇ ਵੱਧ ਤੋਂ ਵੱਧ ਤਾਪਮਾਨ ਦੀ ਗੱਲ ਕਰੀਏ ਤਾਂ ਇਸ ਵਿੱਚ ਇੱਕ ਡਿਗਰੀ ਦਾ ਵਾਧਾ ਹੋਇਆ ਹੈ। ਜੋ ਕਿ ਆਮ ਤਾਪਮਾਨ ਨਾਲੋਂ 3.9 ਡਿਗਰੀ ਵੱਧ ਹੈ। ਫ਼ਰੀਦਕੋਟ ਵਿੱਚ ਸਭ ਤੋਂ ਵੱਧ 27.6 ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਪੰਜਾਬ ਦੇ ਘੱਟੋ-ਘੱਟ ਤਾਪਮਾਨ ਦੀ ਗੱਲ ਕਰੀਏ ਤਾਂ ਫਾਜ਼ਿਲਕਾ ਸਭ ਤੋਂ ਠੰਡਾ ਹੈ। ਇੱਥੇ ਘੱਟੋ-ਘੱਟ ਤਾਪਮਾਨ 2.4 ਡਿਗਰੀ ਦਰਜ ਕੀਤਾ ਗਿਆ ਹੈ। ਜਦੋਂ ਕਿ ਮੋਹਾਲੀ ਦਾ ਵੱਧ ਤੋਂ ਵੱਧ ਘੱਟੋ-ਘੱਟ ਤਾਪਮਾਨ 7.9 ਡਿਗਰੀ ਦਰਜ ਕੀਤਾ ਗਿਆ। ਇਸ ਤੋਂ ਬਾਅਦ ਚੰਡੀਗੜ੍ਹ ਦਾ ਤਾਪਮਾਨ 7.2 ਡਿਗਰੀ ਦਰਜ ਕੀਤਾ ਗਿਆ। ਇਸ ਦੇ ਨਾਲ ਹੀ 24 ਘੰਟਿਆਂ ਵਿੱਚ ਘੱਟੋ-ਘੱਟ ਤਾਪਮਾਨ ਵਿੱਚ 0.7 ਡਿਗਰੀ ਦਾ ਵਾਧਾ ਦਰਜ ਕੀਤਾ ਗਿਆ ਹੈ। ਜਿਸ ਦੇ ਹੁਣ ਹੋਰ ਵਧਣ ਦੀ ਉਮੀਦ ਹੈ। "ਰਾਜ ਦਾ ਤਾਪਮਾਨ ਵਧਣ ਲਗ ਪਿਆ ਹੈ, ਜਿਸ ਨਾਲ ਕਿਸਾਨਾਂ ਦੀ ਚਿੰਤਾ ਵਧ ਗਈ ਹੈ। ਮੌਸਮ ਵਿਭਾਗ ਦੇ ਮਾਹਿਰਾਂ ਅਨੁਸਾਰ, ਵਧਦਾ ਤਾਪਮਾਨ ਕਣਕ ਦੀ ਫ਼ਸਲ ਲਈ ਚੰਗਾ ਨਹੀਂ ਹੈ। ਜੇਕਰ ਤਾਪਮਾਨ ਇਸੇ ਤਰ੍ਹਾਂ ਵਧਦਾ ਰਿਹਾ, ਤਾਂ ਫ਼ਸਲ ਨੂੰ ਨੁਕਸਾਨ ਹੋਵੇਗਾ। ਕਣਕ ਦੇ ਦਾਣੇ ਸੁੰਗੜ ਸਕਦੇ ਹਨ, ਜਿਸ ਨਾਲ ਝਾੜ ਘੱਟ ਜਾਵੇਗਾ। ਹਾਲਾਂਕਿ, ਰਾਹਤ ਦੀ ਗੱਲ ਇਹ ਹੈ ਕਿ ਰਾਤ ਦੀ ਠੰਢ ਇਹ ਕੰਮ ਕਰ ਰਹੀ ਹੈ। ਪੰਜਾਬ ਹਰ ਸਾਲ ਕੇਂਦਰੀ ਪੂਲ ਨੂੰ 120 ਤੋਂ 130 ਲੱਖ ਮੀਟ੍ਰਿਕ ਟਨ ਕਣਕ ਦੀ ਸਪਲਾਈ ਕਰਦਾ ਹੈ। ਇਸ ਵਾਰ ਸੂਬੇ ਵਿੱਚ ਇੱਕ ਲੱਖ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਹੋਈ ਹੈ। ਹਾਲਾਂਕਿ, ਪਿਛਲੇ ਦੋ ਸਾਲਾਂ ਤੋਂ ਵੱਧ ਰਹੇ ਤਾਪਮਾਨ ਨੇ ਫਸਲਾਂ ਨੂੰ ਨੁਕਸਾਨ ਪਹੁੰਚਾਇਆ ਹੈ।"

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਝਾਰਖੰਡ ਵਿੱਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚ ਇੱਕ ਔਰਤ ਸਮੇਤ ਮਾਰੇ ਗਏ ਦੋ ਮਾਓਵਾਦੀ



**ਨਵੀਂ ਦਿਲੀ।** ਝਾਰਖੰਡ ਦੇ ਪੱਛਮੀ ਸਿੰਘਭੂਮ ਜ਼ਿਲ੍ਹੇ ਵਿੱਚ ਬੁੱਧਵਾਰ ਨੂੰ ਸੁਰੱਖਿਆ ਬਲਾਂ ਨਾਲ ਹੋਏ ਮੁਕਾ-ਬਲੇ ਵਿੱਚ ਇੱਕ ਔਰਤ ਸਮੇਤ ਦੋ ਮਾਓਵਾਦੀ ਮਾਰੇ ਗਏ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਪੁਲਿਸ ਨੇ ਦੱਸਿਆ ਕਿ ਇਹ ਘਟਨਾ ਬੁੱਧਵਾਰ ਤੜਕੇ ਸੋਨੂਆ ਥਾਣਾ ਖੇਤਰ ਦੇ ਅਧੀਨ ਇੱਕ ਜੰਗਲ ਵਿੱਚ ਵਾਪਰੀ, ਜੋ ਕਿ ਪੱਛਮੀ ਸਿੰਘਭੂਮ ਜ਼ਿਲ੍ਹਾ ਹੈੱਡਕੁਆਰਟਰ ਸ਼ਹਿਰ ਤੋਂ ਲਗਭਗ 80 ਕਿਲੋਮੀਟਰ ਦੂਰ ਹੈ। ਕੋਲਹਾਨ ਡਿਵੀਜ਼ਨ ਦੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਮਨੋਜ ਰਤਨ ਚੌਥੇ ਨੇ ਪੀਟੀਆਈ ਨੂੰ ਦੱਸਿਆ, "ਸੋਨੂਆ ਪੁਲਿਸ ਸਟੇਸ਼ਨ ਖੇਤਰ ਦੇ ਅਧੀਨ ਇੱਕ ਜੰਗਲ ਵਿੱਚ ਸਵੇਰੇ 6.35 ਵਜੇ ਦੇ ਕਰੀਬ ਸੁਰੱਖਿਆ ਬਲਾਂ ਅਤੇ ਮਾਓਵਾਦੀਆਂ ਵਿਚਕ-ਾਰ ਮੁਕਾਬਲਾ ਹੋਇਆ।" ਤਲਾਸ਼ੀ ਮੁਹਿੰਮ ਦੌਰਾਨ, ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਇੱਕ ਔਰਤ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਮੌਕੇ ਤੋਂ ਦੋ ਇਨਸਾਸ ਰਾਈਫ਼ਲਾਂ ਵੀ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਅਜੇ ਵੀ ਜਾਰੀ ਹੈ।

# ਹਰਿਆਣਾ ਤੋਂ ਮਿਲਿਆ ਪਾਣੀ ਮਨੁੱਖੀ ਸਿਹਤ ਲਈ 'ਬੇਹੱਦ ਜ਼ਹਿਰੀਲਾ: ਕੇਜਰੀਵਾਲ



**ਨਵੀਂ ਦਿੱਲੀ।** 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ 'ਯਮੁਨਾ ਦੇ ਪਾਣੀ ਵਿਚ ਹਰਿਆਣਾ ਸਰਕਾਰ ਵੱਲੋਂ ਜ਼ਹਿਰ ਘੋਲਣ' ਬਾਰੇ ਆਪਣੀ ਟਿੱਪਣੀ ਲਈ ਚੋਣ ਕਮਿਸ਼ਨ ਵੱਲੋਂ ਜਾਰੀ ਨੋਟਿਸ ਦੇ ਜਵਾਬ ਵਿਚ ਕਿਹਾ ਕਿ ਹਾਲ ਹੀ ਵਿਚ ਹਰਿਆਣਾ ਵੱਲੋਂ ਮਿਲਿਆ ਪਾਣੀ ਮਨੁੱਖੀ ਸਿਹਤ ਲਈ ਬਹੁਤ ਜ਼ਿਆਦਾ ਦੂਸ਼ਿਤ ਤੇ ਬੇਹੱਦ ਜ਼ਹਿਰੀਲਾ ਸੀ। ਕੇਜਰੀਵਾਲ ਨੇ ਆਪਣੇ ਜਵਾਬ ਵਿਚ ਕਿਹਾ ਕਿ ਉਨ੍ਹਾਂ ਦੀ ਇਹ ਟਿੱਪਣੀ ਦਿੱਲੀ ਵਿਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਕਰਕੇ ਲੋਕਾਂ ਦੀ ਸਿਹਤ ਨੂੰ ਦਰਪੇਸ਼ ਸੰਕਟ ਦੇ ਸੰਦਰਭ ਵਿਚ ਸੀ। ਚੋਣ ਕਮਿਸ਼ਨ ਨੂੰ ਦਿੱਤੇ 14 ਸਫ਼ਿਆਂ ਦੇ ਆਪਣੇ ਜਵਾਬ ਵਿਚ ਕੇਜਰੀਵਾਲ ਨੇ ਕਿਹਾ ਕਿ ਭਾਜਪਾ ਸ਼ਾਸਿਤ ਰਾਜ ਤੋਂ ਆਉਂਦੇ ਪਾਣੀ ਦੇ 'ਬਹੁਤ ਦੂਸ਼ਿਤ ਹੋਣ ਤੇ ਇਸ ਦੇ ਬੇਹੱਦ ਜ਼ਹਿਰੀਲੇ' ਹੋਣ ਬਾਰੇ ਜਾਣਕਾਰੀ ਦੇਣਾ ਉਨ੍ਹਾਂ ਦਾ ਜਨਤਕ ਫ਼ਰਜ਼ ਹੈ। ਭਾਜਪਾ ਵੱਲੋਂ ਦਾਇਰ ਸ਼ਿਕਾਇਤ ਮਗਰੋਂ ਚੋਣ ਕਮਿਸ਼ਨ ਨੇ ਕੇਜਰੀਵਾਲ ਨੂੰ ਬੁੱਧਵਾਰ ਰਾਤ 8 ਵਜੇ ਤੱਕ ਆਪਣਾ ਪੱਖ ਰੱਖਣ ਲਈ ਕਿਹਾ ਸੀ। ਕੇਜਰੀਵਾਲ ਨੇ ਕਿਹਾ ਕਿ ਅਣਸੋਧੇ ਪਾਣੀ ਵਿਚ ਅਮੋਨੀਆ ਦਾ ਪੱਧਰ ਇੰਨਾ ਜ਼ਿਆਦਾ ਹੈ ਕਿ ਦਿੱਲੀ ਦੇ ਵਾਟਰ ਟਰੀਟਮੈਂਟ ਪਲਾਂਟ ਇਸ ਨੂੰ ਮਨੁੱਖਾਂ ਦੇ ਪੀਣਯੋਗ ਬਣਾਉਣ ਵਿਚ ਨਾਕਾਮ ਹਨ।







# ਨੇਵੀਗੇਸ਼ਨ ਸੈਟੇਲਾਈਟ ਦੇ ਲਾਂਚ ਨਾਲ ਇਸਰੋ ਦਾ 100ਵਾਂ ਮਿਸ਼ਨ ਰਿਹਾ ਸਫ਼ਲ



**ਨਵੀਂ ਦਿਲੀ।** 29 ਜਨਵਰੀ (ਭਾਸ਼ਾ) ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਬੁੱਧਵਾਰ ਨੂੰ ਆਪਣੇ ਇਤਿਹਾਸਕ 100ਵੇਂ ਮਿਸ਼ਨ ਦੇ ਹਿੱਸੇ ਵਜੋਂ ਇੱਕ ਉੱਨਤ ਨੇਵੀਗੇਸ਼ਨ ਸੈਟੇਲਾਈਟ ਨੂੰ ਸਫਲਤਾਪੂਰਵਕ ਲਾਂਚ ਕੀਤਾ। ਬੁੱਧਵਾਰ ਦੀ ਸਵੇਰ ਨੂੰ ਕੀਤਾ ਗਿਆ ਇਹ ਲਾਂਚਿੰਗ, ਇਸਰੋ ਦੇ ਚੇਅਰਮੈਨ ਵੀ. ਨਾਰਾਇਣਨ ਦੀ ਅਗਵਾਈ ਹੇਠ ਪਹਿਲਾ ਮਿਸ਼ਨ ਹੈ। ਉਸਨੇ 13 ਜਨਵਰੀ ਨੂੰ ਅਹੁਦਾ ਸੰਭਾਲਿਆ। ਇਸ ਤੋਂ ਇਲਾਵਾ, ਇਹ 2025 ਵਿੱਚ ਇਸਰੋ ਦਾ ਪਹਿਲਾ ਮਿਸ਼ਨ ਹੈ। ਇਸ ਤੋਂ ਪਹਿਲਾਂ, ਇਸਰੋ ਨੇ ਸਪੇਸ ਡੌਕਿੰਗ ਪ੍ਰਯੋਗ ਦਾ ਸਫ਼ਲਤਾਪੂਰਵਕ ਪ੍ਰਦਰਸ਼ਨ ਕੀਤਾ ਸੀ। ਇਸ ਪ੍ਰਯੋਗ ਦੇ ਤਹਿਤ, ਲਾਂਚ 30 ਦਸੰਬਰ, 2024 ਨੂੰ ਕੀਤਾ ਗਿਆ ਸੀ, ਜੋ ਕਿ ਪੁਲਾੜ ਏਜੰਸੀ ਦਾ 99ਵਾਂ ਮਿਸ਼ਨ ਸੀ। ਨਾਰਾਇਣਨ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਐਲਾਨ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ 2025 ਵਿੱਚ ਇਸਰੋ ਦਾ ਪਹਿਲਾ ਯਤਨ ਸਫ਼ਲ ਰਿਹਾ।

# ਇੰਗਲੈਂਡ ਚ ਪਹਿਲੇ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਪਵਿੱਤਰ ਸਿੱਖ ਸੰਗੀਤ ਸਿਲੇਬਸ ਨੂੰ ਅਧਿਕਾਰਤ ਤੌਰ ਤੇ ਕੀਤਾ ਗਿਆ ਜਾਰੀ


**ਸਮਾਗਮ ਨੂੰ ਸੰਬੋਧਨ ਕਰਦੇ ਹੋਏ ਬਰਮਿੰਘਮ ਦੇ ਕੌਂਸ਼ਲ ਜਨਰਲ ਡਾ ਵੈਕਟਚਲਮ ਮੁਰੂਗਨ, ਕੋਹਲੀ ਰਵਿੰਦਰਪਾਲ ਸਿੰਘ,ਡਾ ਹਰਜਿੰਦਰ ਸਿੰਘ ਲਾਲੀ, ਅਤੇ ਹੋਰ। ਤੰਤੀ ਸਾਜ਼ਾਂ ਨਾਲ ਕੀਰਤਨ ਕਰਦਾ ਹੋਇਆ ਜਥਾ ਅਤੇ ਸਮਾਗਮ ਚ ਹਾਜ਼ਿਰ ਪਤਵੰਤੇ। ਤਸਵੀਰਾਂ:- ਸੁਖਜਿੰਦਰ ਸਿੰਘ ਢੱਡੇ**

**ਬਰਮਿੰਘਮ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ,** ਪਰਵਿੰਦਰ ਸਿੰਘ)-ਗਲੋਬਲ ਸਿੱਖ ਵਿਜਨ ਲੰਡਨ ਦੇ ਅਣਥੱਕ ਯਤਨਾਂ ਸਦਕਾ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਦੇ ਮਸ਼ਹੂਰ (ਸਿਟੀ ਆਫ ਬਰਮਿੰਘਮ ਸਿੰਫਨੀ ਆਰਕੈਸਟਰਾ) ਵਿੱਚ ਪਹਿਲੇ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਤੰਤੀ ਸਾਜ਼ਾਂ ਦੇ ਪਵਿੱਤਰ ਸਿੱਖ ਸੰਗੀਤ ਸਿਲੇਬਸ ਨੂੰ ਅਧਿਕਾਰਤ ਤੌਰ ਤੇ ਜਾਰੀ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿੱਖ ਗਲੋਬਲ ਵਿਜਨ ਲੰਡਨ ਦੇ ਕੋਹਲੀ ਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਇਹ ਸਿਲੇਬਸ ਡਾ. ਹਰਜਿੰਦਰ ਸਿੰਘ ਲਾਲੀ ਦੁਆਰਾ ਤਿਆਰ ਕੀਤਾ ਗਿਆ ਹੈ। ਜੋ ਵਿਸ਼ਵ ਪੱਧਰ ਤੇ ਸਿੱਖ ਸੰਗੀਤਕ ਵਿਰਾਸਤ ਨੂੰ ਅੱਠਵੀਂ-ਗਰੇਡ ਸੰਗੀਤ ਪ੍ਰੀਖਿਆ ਪ੍ਰਣਾਲੀ ਵਿੱਚ ਏਕੀਕ੍ਰਿਤ ਕਰਦੀ ਹੈ। ਜਿਸ ਵਿੱਚ ਰਵਾਇਤੀ ਸਿੱਖ ਤੰਤੀ ਸਾਜ਼ਾ ਦਾ ਅਧਿਐਨ ਹੁਣ ਇੰਗਲੈਂਡ ਦੀ ੂਛਅਸ਼ ਦੁਆਰਾ ਰਵਾਇਤੀ ਤੌਰ ਤੇ ਅਧਿਕ੍ਰਿਤ ਕੀਤਾ ਗਿਆ ਹੈ।ਵਰਤਮਾਨ ਵਿੱਚ 5 ਸਿੱਖ ਤੰਤੀ ਸਾਜ਼ਾ ਨੂ ਅਧਿਕ੍ਰਿਤ ਕੀਤਾ ਗਿਆ ਹੈ, ਇਹ ਯੰਤਰ ਪੰਜਾਬ ਦੇ ਹਨ। ਜਿਨ੍ਹਾਂ ਦੇ ਨਾਮ ਹਨ:

(1) ਦਿਲਰੁਬਾ (2) ਤਾਊਸ (3) ਇਸਰਾਜ (4) ਸਾਰੰਗੀ (5)ਸਾਰੰਦਾ

ਇਸ ਸਮਾਗਮ ਦੇ ਮੁਖੀ ਪ੍ਰਬੰਧਕ ਕੁਲਦੀਪ ਸਿੰਘ ਉੱਭੀ ਨੇ ਦੱਸਿਆ ਕਿ ਇਸ ਸਮਾਗਮ ਦੀ ਮਹੱਤਤਾ ਨੂੰ ਹੋਰ ਵਧਾਉਣ ਲਈ ਪ੍ਰਸਿੱਧ ਕਲਾਕਾਰ ਬਲਵੰਤ ਸਿੰਘ (ਵੋਕਲ), ਕਿਰਪਾਲ ਸਿੰਘ (ਇਸਰਾਜ) ਅਤੇ ਹੋਰ ਮਸ਼ਹੂਰ ਕਲਾਕਾਰ ਵਿਸ਼ੇਸ਼ ਤੌਰ ਤੇ ਸ੍ਰੀ ਭੈਣੀ ਸਾਹਿਬ, ਪੰਜਾਬ ਤੋਂ ਹਿੱਸਾ ਲੈਣ ਪਹੁੰਚੇ। ਜ਼ਿਕਰਯੋਗ ਹੈ ਕਿ ਨਾਮਧਾਰੀ ਸਿੱਖ ਸੰਗਤ ਇਸ ਪਵਿੱਤਰ ਵਿਰਸੇ ਦੇ ਸਰੋਤ ਅਤੇ ਰੱਖਿਅਕ ਦੋਵਾਂ ਵਜੋਂ ਇੱਕ ਲੰਬੇ ਸਮੇਂ ਤੋਂ ਕੰਮ ਕਰ ਰਹੀ ਹੈ। ਸਾਲਾਂ ਦੀ ਅਣਥੱਕ ਮਿਹਨਤ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿੱਖ ਕੀਰਤਨ ਨੂੰ ਇਸ ਦੇ ਅਸਲੀ, ਨਿਰਵਿਘਨ ਰੂਪ ਵਿੱਚ ਮੁੜ ਸੁਰਜੀਤ ਕੀਤਾ ਹੈ।ਗਿਆਨੀ ਰਘਬੀਰ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਬਰਤਾਨੀਆ ਦੀ ਸਿੱਖਿਆ ਪ੍ਰਣਾਲੀ ਵਿਚ ਗੁਰਮਤਿ ਸੰਗੀਤ ਸ਼ਾਮਲ ਕਰਨ ਦੀ ਸਿੱਖਾ ਦੀ ਇਸ ਪ੍ਰਾਪਤੀ ਬਦਲੇ ਬਰਤਾਨੀਆ ਦੇ ਸਿੱਖਾਂ ਨੂੰ ਵਧਾਈ ਦਿੱਤੀ ਹੈ। ਅਤੇ ਕਿਹਾ ਬਰਤਾਨੀਆ ਦੀ ਸਿੱਖ ਸੰਗਤ ਦੀਆ ਅਣਥੱਕ ਕੋਸ਼ਿਸ਼ਾਂ ਨਾਲ ਇਹ ਮਾਣਮੱਤੀ ਪ੍ਰਾਪਤੀ ਹੋਈ ਹੈ।ਵਿਸ਼ਵ ਪ੍ਰਸਿੱਧ ਉਸਤਾਦ ਸੁਰਜੀਤ ਸਿੰਘ ਨੇ ਦੱਸਿਆ ਕਿ ਇਹ ਵਿਲੱਖਣ ਸੁਝਾਅ 'ਗਲੋਬਲ ਸਿੱਖ ਵਿਜ਼ਨ ਲੰਡਨ' ਦਾ ਹੈ, ਜਿਨ੍ਹਾਂ ਨੇ ਸਭ ਤੋਂ ਪਹਿਲਾਂ 2022 ਵਿੱਚ ਗੁਰੂ ਸਾਹਿਬਾਨ ਦੁਆਰਾ ਪ੍ਰਚਲਿਤ ਤੰਤੀ ਸਾਜ਼ਾ ਨੂੰ ਪੁਨਰਜੀਵਿਤ ਕਰਨ ਦਾ ਸੰਕਲਪ ਅਮਲ ਵਿੱਚ ਲਿਆਂਦਾ ਸੀ। ਉਹਨਾ ਨੇ ਮਈ 2022 ਵਿੱਚ ਵਾਲਸਾਲ ਫੁੱਟਬਾਲ ਸਟੇਡੀਅਮ ਵਿਖੇ ਇੱਕ ਸ਼ਾਨਦਾਰ ਪ੍ਰੋਗਰਾਮ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ "ਗੁਰੂ ਤੇਗ ਬਹਾਦਰ ਰੈਪਸੋਡੀ" ਦਾ ਆਯੋਜਨ ਕੀਤਾ ਸੀ,ਜਿਸ ਵਿੱਚ 400 ਤੰਤੀ ਸਾਜ਼ਾ ਦੀ ਵਰਤੋਂ ਕੀਤੀ ਗਈ ਸੀ,ਅਤੇ ਇਸ ਇਤਿਹਾਸਕ ਘਟਨਾ ਨੇ ਇੱਕ ਨਵਾਂ ਵਿਲੱਖਣ ਵਿਸ਼ਵ ਰਿਕਾਰਡ ਕਾਇਮ ਕੀਤਾ, ਅਤੇ ਇਸ ਨੂੰ "ਵਰਲਡ ਬੁੱਕ ਆਫ਼ ਰਿਕਾਰਡਜ਼ ਲੰਡਨ ਦੇ ਗੋਲਡ ਐਡੀਸ਼ਨ" ਵਿੱਚ ਸਥਾਨ ਪ੍ਰਾਪਤ ਹੋਇਆ। ਇਸ ਪ੍ਰਕਾਰ ਤੰਤੀ ਸਾਜ਼ਾ ਦੀ ਮਹੱਤਤਾ ਨੂੰ ਗਲੋਬਲ ਸਿੱਖ ਵਿਜ਼ਨ ਨੇ ਸਫਲਤਾ ਪੂਰਵਕ ਉਜਾਗਰ ਕੀਤਾ, ਅਤੇ ਵਿਸ਼ਵ ਪੱਧਰ ਤੇ ਵੱਖ-ਵੱਖ ਸੰਸਥਾਵਾਂ ਦੁਆਰਾ ਇਸ ਤੇ ਕੰਮ ਸ਼ੁਰੂ ਹੋਇਆ।ਇਸ ਮੌਕੇ ਤੇ ਭਾਰਤ ਦੇ ਬਰਮਿੰਘਮ ਚ ਕੌਂਸਲ ਜਨਰਲ ਡਾ. ਵੈਂਕਟਚਲਮ ਮੁਰੂਗਨ ਮੁੱਖ ਮਹਿਮਾਨ ਵਜੋ ਸਮਾਗਮ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਸਿੱਖ ਕੌਮ ਦੀ ਇਸ ਪ੍ਰਾਪਤੀ ਤੇ ਆਪਣੀਆਂ ਸ਼ੁਭਕਾਮਨਾਵਾਂ ਅਤੇ ਵਧਾਈਆਂ ਦਿੱਤੀਆਂ।

# ਲੋਹੀਆਂ ਥਾਣਾ ਦੀ ਪੁਲਿਸ ਵੱਲੋਂ ਗਹਿਣਿਆਂ ਸਮੇਤ 02 ਸ਼ਾਤਿਰ ਚੋਰਾਂ ਨੂੰ ਕੀਤਾ ਗ੍ਰਿਫਤਾਰ

## 17 ਤੋਲੇ ਸੋਨਾ ਤੇ ਮੋਟਰਸਾਈਕਲ ਹੋਇਆ ਬਰਾਮਦ

**ਜਲੰਧਰ (ਚੰਦੀ)**-ਥਾਣਾ ਲੋਹੀਆ ਦੀ ਪੁਲਿਸ ਵੱਲੋਂ ਮਾਣਯੋਗ ਸ੍ਰੀ ਹਰਕੰਵਲਪ੍ਰੀਤ ਸਿੰਘ ਖੱਖ, ਪੀ.ਪੀ.ਐਸ ਸੀਨੀਅਰ ਪੁਲਿਸ ਕਪਤਾਨ, ਜਲੰਧਰ-ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਦੇ ਮਾੜੇ ਅਨਸਰਾ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸ੍ਰੀਮਤੀ ਜਸਰੂਪ ਕੌਰ ਬਾਠ, ਆਈ.ਪੀ.ਐਸ ਪੁਲਿਸ ਕਪਤਾਨ ਇੰਨਵੈਸਟੀਗੇਸ਼ਨ ਜਲੰਧਰ ਦਿਹਾਤੀ ਅਤੇ ਉਂਕਾਰ ਸਿੰਘ ਬਰਾੜ ਉਪ ਪੁਲਿਸ ਕਪਤਾਨ ਸਬ ਡਵੀਜਨ ਸ਼ਾਹਕੋਟ ਦੀ ਅਗਵਾਈ ਹੇਠ ਇੰਸਪੈਕਟਰ ਜੈਪਾਲ ਮੁੱਖ ਅਫਸਰ ਥਾਣਾ ਲੋਹੀਆਂ ਨੇ ਪਿਛਲੇ ਦਿਨੀਂ ਪਿੰਡ ਕੁਤਬੀਵਾਲ ਦੇ ਇੱਕ ਵਿਆਹ ਵਾਲੇ ਘਰ ਵਿੱਚ ਚੋਰੀ ਹੋਏ ਸੋਨੇ ਦੇ ਗਹਿਣੇ (ਕਰੀਬ 17 ਤੋਲੇ) ਸਮੇਤ 02 ਚੋਰਾ ਨੂੰ ਕਾਬੂ ਕਰਨ ਵਿੱਚ ਵੱਡੀ ਸਫਤਲਾ ਹਾਸਿਲ ਕੀਤੀ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਉਂਕਾਰ ਸਿੰਘ ਬਰਾੜ ਉੱਪ ਪੁਲਿਸ ਕਪਤਾਨ ਸਬ ਡਵੀਜਨ ਸ਼ਾਹਕੋਟ ਉਪ ਪੁਲਿਸ ਕਪਤਾਨ ਜਲੰਧਰ-ਦਿਹਾਤੀ ਅਤੇ ਇੰਸਪੈਕਟਰ ਜੈਪਾਲ ਮੁੱਖ ਅਫਸਰ ਥਾਣਾ ਲੋਹੀਆ ਜਿਲਾ ਜਲੰਧਰ ਨੇ ਦੱਸਿਆ ਕਿ ਥਾਣਾ ਲੋਹੀਆਂ ਅਧੀਨ ਪੈਂਦੇ ਪਿੰਡ ਕੁਤਬੀਵਾਲ ਦੇ ਨਵਦੀਪ ਸਿੰਘ ਪੁੱਤਰ ਪਰਮਜੀਤ ਸਿੰਘ ਦੇ ਚਾਚੇ ਦੇ ਲੜਕੇ ਪ੍ਰਭਦੀਪ ਸਿੰਘ ਦਾ ਵਿਆਹ ਸੀ। ਕਰੀਬ 11:00 ਵਜੇ ਬਰਾਤ ਗੁਰੂਦੁਆਰਾ ਟਾਹਲੀ ਸਾਹਿਤ ਗਿੱਦੜਪਿੰਡੀ ਤੋਂ ਮੱਥਾ ਟੇਕ ਕੇ ਐਸ ਪੀ ਰਿਜ਼ਾਰਟ ਲਈ ਰਵਾਨਾ ਹੋਈ ਤਾਂ ਮੁੱਦਈ ਨਵਦੀਪ ਸਿੰਘ ਆਪਣੇ ਅਪਾਹਜ ਭਰਾ ਨੂੰ ਸਤਿੰਦਰਪਾਲ ਸਿੰਘ ਨੂੰ ਦੇਖਣ ਘਰ ਗਿਆ ਤਾਂ ਉਸਦੇ ਰਿਹਾਇਸ਼ੀ ਕਮਰੇ ਵਚੋਂ 2 ਲੜਕੇ ਨਿਕਲ ਕੇ ਉਸ ਨੂੰ ਧੱਕਾ ਮਾਰ ਕੇ ਮੋਟਰਸਾਈਕਲ ਜੋ ਬਿਨਾ ਨੰਬਰ ਸੀ ਤੇ ਸਵਾਰ ਹੋ ਕੇ ਭੱਜ ਗਏ। ਅਤੇ ਮੁੱਦਈ ਮੁਕੱਦਮਾ ਦੀ ਪਤਨੀ ਦੀ ਅਲਮਾਰੀ ਦਾ ਲੌਕ ਤੋੜ ਕੇ ਕਰੀਬ 17 ਤੋਲੇ ਸੋਨੇ ਦੇ ਗਹਿਣੇ ਚੋਰੀ ਕਰਕੇ ਲੈ ਗਏ ਸਨ। ਜਿਸ ਤੇ ਨਵਦੀਪ ਸਿੰਘ ਉਕਤ ਦੇ ਬਿਆਨ ਪਰ ਏ ਐਸ ਆਈ ਬਲਵੀਰ ਚੰਦ ਵੱਲੋ ਮੁਕੱਦਮਾ ਦਰਜ ਰਜਿਸਟਰ ਕਰਕੇ ਮੁੱਢਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਜੋ ਦੌਰਾਨੇ ਤਫਤੀਸ਼ ਹਿਊਮਨ ਰਿਸੋਰਸ, ਆਧੁਨਿਕ ਅਤੇ ਤਕਨੀਕੀ ਸਾਧਨਾ ਦੀ ਮਦਦ ਨਾਲ ਥਾਣਾ ਲੋਹੀਆ ਦੇ ਮੁੱਖ ਅਫਸਰ ਇੰਸਪੈਕਟਰ ਜੈਪਾਲ ਨੇ ਏ ਐਸ ਆਈ ਬਲਵੀਰ ਚੰਦ ਤੇ ਪੁਲਿਸ ਪਾਰਟੀ ਵੱਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਮਾਨਯੋਗ






ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਚੋਰੀ ਕੀਤੇ ਸੋਨੇ ਦੇ ਗਹਿਣੇ ਅਤੇ ਵਾਰਦਾਤ ਸਮੇਂ ਵਰਤਿਆ ਮੋਟਰ ਸਾਇਕਲ ਬ੍ਰਾਮਦ ਕਰਕੇ ਚੋਰੀ ਦੀ ਵਾਰਦਾਤ ਨੂੰ ਲੱਭਣ ਵਿਚ ਵੱਡੀ ਸਫਲਤਾ ਹਾਸਿਲ ਕੀਤੀ। ਪੁਲਿਸ ਹਵਾਲੇ ਮੁਤਾਬਕ ਇਨ੍ਹਾਂ ਪਾਸੋਂ ਹੋਰ ਡੂੰਘਾਈ ਨਾਲ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਦੋਸ਼ੀ ਗੁਰਪ੍ਰੀਤ ਸਿੰਘ ਉਰਫ ਬੱਗਾ ਪੁੱਤਰ ਫਕੀਰ ਸਿੰਘ ਵਾਸੀ ਮਹਿਜੀਦ ਸਿੰਘ ਥਾਣਾ ਕਬੀਰਪੁਰ ਜਿਲਾ ਕਪੂਰਥਲਾ ਦੇ ਖਿਲਾਫ ਪਹਿਲਾ ਵੀ ਮੁਕੱਦਮਾ ਦਰਜ ਹੈ। ਪੁਲਿਸ ਮੁਤਾਬਕ ਗਿਰਫਤਾਰ ਕੀਤੇ ਗਏ ਦੋਸ਼ੀਆਂ ਵਿਚ ਗੁਰਪ੍ਰੀਤ ਸਿੰਘ ਉਰਫ ਬੱਗਾ ਪੁੱਤਰ ਫਕੀਰ ਸਿੰਘ ਵਾਸੀ ਮਹਿਜੀਦਪੁਰ ਥਾਣਾ ਕਬੀਰਪੁਰ ਜਿਲਾ ਕਪੂਰਥਲਾ। ਪ੍ਰਿੰਸ ਪ੍ਰਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਭਾਗੋਅਰਾਈਆਂ ਥਾਣਾ ਸੁਲਤਾਨਪੁਰ ਜਿਲਾ ਕਪੂਰਥਲਾ ਪਾਸੋ ਸੋਨੇ ਦੇ ਗਹਿਣੇ (ਕਰੀਬ 17 ਤੋਲੇ) ਜਿਹਨਾਂ ਵਿੱਚ 02 ਸੈਂਟ ਸੋਨਾ,02 ਸੋਨੇ ਦੇ ਲੇਡੀਜ਼ ਗਜਰੇ/ਚੂੜੀਆਂ,01 ਚੈਨ ਸੋਨਾ, 01 ਸੋਨੇ ਦਾ ਕੜਾ ਜੈਂਟਸ,04 ਸੋਨੇ ਦੀਆਂ ਰਿੰਗ,01 ਕੜਾ ਸੋਨਾ ਬੱਚੇ ਦਾ,ਇੱਕ ਮੋਟਰ ਸਾਇਕਲ ਨੰਬਰ PB09-R-3652 ਮਾਰਕਾ ਸਪਲੈਂਡਰ ਰੰਗ ਕਾਲਾ ਬਰਾਮਦ ਕੀਤਾ ਗਿਆ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਰਿਸੋਰਸ ਪਰਸਨ ਦੀ ਤਿੰਨ ਰੋਜ਼ਾ ਵਰਕਸ਼ਾਪ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਸ਼ੇਖੂਪੁਰ ਵਿਖੇ ਸ਼ੁਰੂ

## ਵਰਕਸ਼ਾਪ ਦੌਰਾਨ 9 ਬਲਾਕਾਂ ਦੇ 36 ਰਿਸੋਰਸ ਪਰਸਨ ਨੇ ਲਿਆ ਭਾਗ




**ਨਿਪੁੰਨ ਭਾਰਤ ਤਹਿਤ ਤਿੰਨ ਰੋਜ਼ਾ ਵਰਕਸ਼ਾਪ ਦੌਰਾਨ ਸੰਬੋਧਿਤ ਕਰਦੇ ਹੋਏ ਜਿਲ੍ਹਾ ਸਿੱਖਿਆ ਅਧਿਕਾਰੀ ਸ੍ਰੀਮਤੀ ਮਮਤਾ ਬਜਾਜ ਤੇ ਗਣਿਤ ਵਿਸੇ ਨਾਲ ਸੰਬੰਧਿਤ ਗਤੀਵਿਧੀਆਂ ਕਰਦੇ ਹੋਏ ਬਲਾਕ ਰਿਸੋਰਸ ਪਰਸਨ।**

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ)–** ਪੰਜਾਬ ਰਾਜ ਖੋਜ ਪ੍ਰੀਸ਼ਦ ਚੰਡੀਗੜ੍ਹ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੀ ਸਹਾਇਤਾ ਨਾਲ ਪ੍ਰੀ ਪ੍ਰਾਇਮਰੀ ਤੋਂ ਲੈ ਕੇ ਤੀਸਰੀ ਜਮਾਤ ਤੱਕ ਦੇ ਸਿਲੇਬਸ ਦੀ ਕਾਰਜਸ਼ੀਲਤਾ ਨੂੰ ਹੋਰ ਵਧੀਆ ਕਰਦੇ ਹੋਏ ਅਤੇ ਬੱਚਿਆਂ ਨੂੰ ਸਮੇਂ ਦੀ ਹਾਣੀ ਬਣਾਉਂਦੇ ਹੋਏ ਉਪਰਾਲੇ ਤਹਿਤ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ (ਡਾਇਟ ) ਸ਼ੇਖੂਪੁਰ ਵਿਖੇ ਤਿੰਨ ਰੋਜ਼ਾ ਵਰਕਸ਼ਾਪ ਦੀ ਸ਼ੁਰੂਆਤ ਕੀਤੀ ਗਈ। ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਹਰਮਿੰਦਰ ਸਿੰਘ ਜੋਸਨ ਦੀ ਦੇਖ ਰੇਖ ਹੇਠ ਸ਼ੁਰੂ ਹੋਈ, ਉਕਤ ਤਿੰਨ ਰੋਜ਼ਾ ਵਰਕਸ਼ਾਪ ਵਿੱਚ ਜ਼ਿਲ੍ਹੇ ਦੇ 9 ਬਲਾਕਾਂ ਦੇ 36 ਰਿਸੋਰਸ ਪਰਸਨ ਨੇ ਭਾਗ ਲਿਆ। ਇਸ ਵਰਕਸ਼ਾਪ ਦੇ ਪਹਿਲੇ ਦਿਨ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਮਤੀ ਮਮਤਾ ਬਜਾਜ , ਡਾਇਟ ਇੰਚਾਰਜ ਸੁਰਜੀਤ ਕੌਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਦੌਰਾਨ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਮਤੀ ਮਮਤਾ ਬਜਾਜ ਨੇ ਵੱਖ ਵੱਖ 9 ਬਲਾਕਾਂ ਦੇ ਸਮੂਹ ਬਲਾਕ ਰਿਸੋਰਸ ਪਰਸਨ ਨੂੰ ਬਲਾਕ ਪੱਧਰ ਦੀਆਂ ਟ੍ਰੇਨਿੰਗ ਵਧੀਆ ਕਰਵਾਉਣ ਤੇ ਪੰਜਾਬੀ, ਗਣਿਤ ਤੇ ਅੰਗਰੇਜ਼ੀ ਵਿਸੇ ਨਾਲ ਸੰਬੰਧਿਤ ਸਮੂਹ ਗਤੀਵਿਧੀਆਂ ਵੱਖ ਵੱਖ ਸਕੂਲਾਂ ਦੇ ਹਰ ਅਧਿਆਪਕ ਤੱਕ ਪਹੁੰਚਾਉਣ ਲਈ ਆਖਿਆ। ਉਹਨਾਂ ਰਿਸੋਰਸ ਪਰਸਨ ਨੂੰ ਕਿਹਾ ਕਿ ਤੁਹਾਡੇ ਤੇ ਵਿਭਾਗ ਦੁਆਰਾ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ ਕਿ ਤੁਸੀਂ ਸਟੇਟ ਵੱਲੋਂ ਦਿੱਤੇ ਏਜੰਡੇ ਤੇ ਵਿਭਾਗ ਦੀਆਂ ਗਤੀਵਿਧੀਆਂ ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨ ਲਈ ਹਰ ਸੰਭਵ ਯਤਨ ਕਰੋਗੇ ਮੈਨੂੰ ਉਮੀਦ ਹੈ ਕਿ ਤੁਸੀ ਇਸ ਵਿਸ਼ਵਾਸ ਨੂੰ ਬਹਾਲ ਰੱਖੋਗੇ। ਇਸ ਵਰਕਸ਼ਾਪ ਦੇ ਪਹਿਲੇ ਦਿਨ ਜ਼ਿਲ੍ਹਾ ਰਿਸੋਰਸ ਪਰਸਨ ਹਰਪ੍ਰੀਤ ਸਿੰਘ ਨਡਾਲਾ , ਰੇਸ਼ਮ ਲਾਲ ਭੁਲੱਥ , ਹਰਪ੍ਰੀਤ ਸਿੰਘ,ਰਾਜੂ ਜੈਨਪੁਰੀ ਆਦਿ ਨੇ ਗਣਿਤ ਵਿਸ਼ੇ ਨਾਲ ਸਬੰਧਤ ਗਤੀਵਿਧੀਆਂ ਸਮੂਹ ਬਲਾਕ ਰਿਸੋਰਸ ਪਰਸਨ ਨੂੰ ਕਰਵਾਈਆਂ ।ਇਸ ਵਰਕਸ਼ਾਪ ਦੌਰਾਨ ਬਲਾਕ ਰਿਸੋਰਸ ਪਰਸਨ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਬਾਖੂਬੀ ਢੰਗ ਨਾਲ ਦਿੱਤੇ। ਇਸ ਮੌਕੇ ਤੇ ਨਵਜੋਤ ਸਿੰਘ ,ਪਰਮਿੰਦਰ ਸਿੰਘ, ਤਰਸੇਮ ਸਿੰਘ ਨਡਾਲਾ,ਡਾਕਟਰ ਪਰਮਜੀਤ ਕੌਰ, ਪਵਨ ਕੁਮਾਰ ਜੋਸ਼ੀ, ਅਕਬਰ ਖਾਨ, ਵੀਨੂੰ ਸੇਖੜੀ, ਯੋਗੇਸ਼ ਸ਼ੋਰੀ, ਕੁਲਦੀਪ ਚੰਦ,ਮਨਜੀਤ ਲਾਲ, ਨਵਤੇਜ ਸਿੰਘ ,ਪੰਕਜ ਧੀਰ, ਜੋਤੀ ਨਰੂਲਾ, ਤ੍ਰਿਸ਼ਨਾ ਸੋਹਰ ,ਮੀਨੂ ਰਾਣੀ ਕੰਚਨ ਸੂਦ, ਜਸਪ੍ਰੀਤ ਕੌਰ,ਰਚਨਾ ਪੁਰੀ, ਰਾਜੂ ਗੁਰਪ੍ਰੀਤ ਸਿੰਘ, ਸਿਮਰਨਜੀਤ ਸਿੰਘ, ਕੰਵਲਪ੍ਰੀਤ ਸਿੰਘ ਕੌੜਾ,ਗੁਰਪ੍ਰੀਤ ਸਿੰਘ, ਸਰਬਜੀਤ ਸਿੰਘ, ਆਦਿ ਬਲਾਕ ਰਿਸੋਰਸ ਪਰਸਨ ਹਾਜ਼ਰ ਸਨ।

# ਸ਼੍ਰੀ ਕੀਰਤਨ ਸੇਵਾ ਸੁਸਾਇਟੀ ਵੱਲੋਂ ਬੇਸਹਾਰਾ ਇਸਤਰੀਆਂ ਨੂੰ ਵੰਡੀਆਂ ਗਈਆਂ ਰਾਸ਼ਨ ਦੀਆਂ ਕਿੱਟਾਂ

## ਮਨੁੱਖੀ ਭਲਾਈ ਕਾਰਜਾਂ ਦੀ ਲਹਿਰ ਨੂੰ ਪ੍ਰਚੰਡ ਕਰਨ ਦੀ ਲੋੜ – ਤਰਲੋਚਨ ਸਿੰਘ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮੁਨੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਦੇ ਵੱਲੋਂ ਅੱਜ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਸਥਿਤ ਆਪਣੇ ਦਫਤਰ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਹੋਇਆਂ ਬੇਸਹਾਰਾ ਇਸਤਰੀਆਂ ਦੀ ਮਦੱਦ ਕਰਨਾ ਹਿੱਤ ਉਨ੍ਹਾਂ ਨੂੰ ਸੁਸਾਇਟੀ ਦੇ ਵੱਲੋ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ ਤੇ ਮੁੱਖ ਸੇਵਾਦਾਰ ਸ੍ਰ: ਪ੍ਰੇਮ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ ਗੁਰੂ ਸਹਿਬਾਨ ਵੱਲੋਂ ਬਖਸ਼ੇ ਸੇਵਾ ਸੰਕਲਪ ਤੇ ਪਹਿਰਾ ਦੇ ਕੇ ਮੁਨੱਖਤਾ ਦੀ ਸੇਵਾ ਕਰਨਾ ਸਭ ਤੋਂ ਉੱਤਮ ਸੇਵਾ ਹੈ। ਇਸੇ ਸੇਵਾ ਮਿਸ਼ਨ ਤੇ



ਚੱਲਦਿਆਂ ਸਤਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਪਿਛਲੇ ਕਈ ਸਾਲਾਂ ਤੋਂ ਨਿਸ਼ਕਾਮ ਰੂਪ ਵਿੱਚ ਮੁਨੱਖੀ ਭਲਾਈ ਕਾਰਜਾਂ ਵਿੱਚ ਜੁੱਟੀ ਹੋਈ ਹੈ। ਜਿਸ ਦੇ ਅੰਤਰਗਤ ਸੁਸਾਇਟੀ ਵੱਲੋਂ ਜਿੱਥੇ ਲੋਕਾਂ ਨੂੰ ਫਰੀ ਮੈਡੀਕਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਅੱਖਾਂ ਦੇ ਫਰੀ ਚੈਕਅੱਪ ਕੈਪ ਮਰੀਜ਼ਾਂ ਲਈ ਲਗਾਏ ਜਾਂਦੇ ਹਨ ਅਤੇ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਹਿੱਤ ਉਨ੍ਹਾਂ ਨੂੰ ਸੁਸਾਇਟੀ ਵੱਲੋਂ ਹਰ ਮਹੀਨੇ ਨਿਸ਼ਕਾਮ ਰੂਪ ਵਿੱਚ ਰਾਸ਼ਨ ਵੀ ਵੰਡਿਆ ਜਾਂਦਾ ਹੈ। ਇਸ ਤੋਂ ਇਲਾਵਾ ਸੁਸਾਇਟੀ ਵੱਲੋਂ ਲੁਧਿਆਣਾ ਸ਼ਹਿਰ ਵਿਖੇ ਲੜਕੀਆਂ ਨੂੰ ਸਿਲਾਈ ਕਢਾਈ ਦੀ ਸਿਖਲਾਈ ਦੇਣ ਲਈ ਦੋ ਸਿਲਾਈ ਸੈਟਰ ਵੀ ਚਲਾਏ ਜਾ ਰਹੇ ਹਨ। ਇਸ ਮੌਕੇ ਸੁਸਾਇਟੀ ਦੀ ਰਾਸ਼ਨ ਵੰਡ ਇੰਚਾਰਜ ਬੀਬੀ ਬਲਦੇਵ ਕੌਰ ਤੇ ਸ੍ਰ: ਸੁਰਿੰਦਰ ਸਿੰਘ ਨੇ ਦੱਸਿਆ ਕਿ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਦੇ ਮਨੋਰਥ ਨਾਲ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਸੇਵਾ ਨੂੰ ਨਿਰੰਤਰ ਜਾਰੀ ਰੱਖਣ ਲਈ ਸੁਸਾਇਟੀ ਦੇ ਸਮੂਹ ਮੈਬਰਾਂ ਵੱਲੋਂ ਆਪਣਾ ਬਣਦਾ ਯੋਗਦਾਨ ਸੇਵਾ ਕਾਰਜਾਂ ਵਿੱਚ ਪਾਇਆ ਜਾ ਰਿਹਾ ਹੈ। ਅੱਜ ਅਸੀਂ 40 ਦੇ ਕਰੀਬ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਦਿਆਂ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਤਕਸੀਮ ਕੀਤੀਆਂ ਹਨ। ਇਸ ਸਮੇਂ ਉਹਨਾਂ ਦੇ ਨਾਲ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ, ਸ੍ਰ: ਪ੍ਰੇਮ ਸਿੰਘ ਮੁੱਖ ਸੇਵਾਦਾਰ, ਮਹਿੰਦਰ ਸਿੰਘ ਛਤਵਾਲ, ਅਜੀਤ ਸਿੰਘ ਬੱਤਰਾ, ਪ੍ਰੀਤਮ ਸਿੰਘ ਅਨੇਜਾ, ਮਨਪ੍ਰੀਤ ਸਿੰਘ, ਰਮਨਜੋਤ ਸਿੰਘ ਸੋਨੂੰ, ਗੁਰਿੰਦਰ ਸਿੰਘ ਦੀਪ, ਪਵਨਦੀਪ ਸਿੰਘ, ਰਮਨਦੀਪ ਸਿੰਘ, ਮਨਿੰਦਰ ਸਿੰਘ ਆਦਿ ਹਾਜ਼ਰ ਸਨ।

# ਇੰਗਲੈਂਡ ਚ ਵੀ ਵੱਡੇ ਪੱਧਰ ਤੇ ਮਨਾਇਆ ਗਿਆ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ




**ਸੰਗਤਾਂ ਵੱਲੋਂ ਤਿਆਰ ਕੀਤੀਆਂ ਗਈਆਂ ਵੱਖ ਵੱਖ ਪ੍ਰਕਾਰ ਦੀਆਂ ਮਠਿਆਈਆਂ, ਅਤੇ ਹਾਜ਼ਿਰ ਸੰਗਤਾਂ।ਤਸਵੀਰਾਂ:– ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)**–ਅਨੋਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਵਿੱਚ ਵੱਡੇ ਪੱਧਰ ਤੇ ਮਨਾਇਆ ਗਿਆ।ਇਸ ਸਬੰਧ ਚ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਵਿਖੇ ਸੰਗਤਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਰੈਣ ਸਬਾਈ ਕੀਰਤਨ ਕੀਤਾ ਗਿਆ। ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਵੱਲੋਂ ਹੱਥੀਂ ਮਿਠਿਆਈਆਂ ਬਣਾਉਣ ਦੀ ਸੇਵਾ ਨਿਭਾਈ ਗਈ।ਇਸੇ ਤਰ੍ਹਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਵਿਸ਼ਾਲ ਰਾਗੀ ਢਾਡੀ ਅਤੇ ਕਵੀਸ਼ਰੀ ਦਰਬਾਰ ਸਜਾਇਆ ਗਿਆ। ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ, ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਬਾਬਾ ਦੀਪ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਤੇ ਤਿੰਨੇ ਦਿਨ ਵੱਖ ਵੱਖ ਪ੍ਰਕਾਰ ਦੀਆਂ ਮਠਿਆਈਆਂ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਨ੍ਹਾਂ ਧਾਰਮਿਕ ਸਮਾਗਮਾਂ ਚ ਵੱਡੀ ਗਿਣਤੀ ਚ ਸੰਗਤਾਂ ਵੱਲੋਂ ਸ਼ਿਰਕਤ ਕੀਤੀ ਗਈ।

for more news visit:
www.samajweekly.com

# ਜੋ ਕਲਮ ਚੰਗਾ ਲਿਖਦੀ ਹੈ ਉਸ ਦੀ ਹੌਂਸਲਾ ਅਫਜ਼ਾਈ ਜਰੂਰੀ-ਸਰਦਾਰ ਪੰਛੀ

## ਪੰਜਾਬੀ ਸਾਹਿਤ ਸਭਾ ਭੁਮੱਦੀ ਵੱਲੋਂ ਬਲਬੀਰ ਸਿੰਘ ਬੱਬੀ ਨਾਲ ਰੂਬਰੂ







**ਖੰਨਾ (ਬੁੱਧ ਸਿੰਘ ਨੀਲੋਂ)** ਪੰਜਾਬੀ ਸਾਹਿਤ ਸਭਾ ਭੁਮੱਦੀ ਦੀ ਮਹੀਨਾਵਾਰ ਮੀਟਿੰਗ ਪਿੰਡ ਭੁਮੱਦੀ ਦੀ ਪੀਰਖਾਨਾ ਧਰਮਸਾਲਾ ਵਿੱਚ ਹੋਈ। ਨਵੇਂ ਸਾਲ ਦੀ ਪਹਿਲੀ ਮੀਟਿੰਗ ਦੇ ਵਿੱਚ ਪੰਜਾਬੀ ਲੇਖਕ ਤੇ ਪੱਤਰਕਾਰ ਬਲਬੀਰ ਸਿੰਘ ਬੱਬੀ ਦੇ ਨਾਲ ਰੂਬਰੂ ਰਚਾਇਆ ਗਿਆ ਜੋ ਬਹੁਤ ਹੀ ਯਾਦਗਾਰੀ ਹੋ ਨਿਬੜਿਆ। ਸਮਾਗਮ ਦੇ ਸ਼ੁਰੂ ਵਿੱਚ ਪ੍ਰਗਟ ਸਿੰਘ ਭੁਮੱਦੀ ਸਰਪ੍ਰਸਤ ਨੇ ਸਭ ਨੂੰ ਜੀ ਆਇਆ ਆਖਿਆ, ਸਮਾਗਮ ਦੀ ਪ੍ਰਧਾਨਗੀ ਗੁਰਮੇਲ ਸਿੰਘ ਗੇਲ ਪ੍ਰਧਾਨ ਸਹਿਤ ਸਭਾ ਭੁਮੱਦੀ,ਮੁੱਖ ਮਹਿਮਾਨ ਉੱਘੇ ਪੱਤਰਕਾਰ ਤੇ ਸਾਹਿਤਕ ਚਿੰਤਨ ਬੁੱਧ ਸਿੰਘ ਨੀਲੋਂ, ਮਾਸਟਰ ਜਗਦੇਵ ਸਿੰਘ ਘੁੰਗਰਾਲੀ ਅਤੇ ਬਾਲ ਸਾਹਿਤਕਾਰ ਕਮਲਜੀਤ ਸਿੰਘ ਨੀਲੋਂ ਸਨ। ਇਸ ਰੂਬਰੂ ਸਮਾਗਮ ਦੇ ਵਿੱਚ ਆਸ਼ੀਰਵਾਦ ਦੇਣ ਲਈ ਉਸਤਾਦ ਸ਼ਾਇਰ ਸਰਦਾਰ ਪੰਛੀ ਵਿਸ਼ੇਸ਼ ਤੌਰ ਉੱਤੇ ਪੁੱਜੇ।

ਅੰਤਰਰਾਸ਼ਟਰੀ ਢਾਡੀ ਤਰਲੋਚਨ ਸਿੰਘ ਭੁਮੱਦੀ ਹੋਰਾਂ ਦੀ ਰਹਿਨੁਮਾਈ ਤੇ ਸਰਪ੍ਰਸਤੀ ਹੇਠ ਚੱਲ ਰਹੀ ਪੇਂਡੂ ਪੰਜਾਬੀ ਸਾਹਿਤ ਸਭਾ ਭੁਮੱਦੀ ਦੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਮਾਸਟਰ ਅਮਰਜੀਤ ਸਿੰਘ ਘੁਡਾਣੀ ਦੀ ਕਵਿਤਾ ਨਾਲ ਹੋਈ ਉਸ ਤੋਂ ਬਾਅਦ ਸੁਖਵਿੰਦਰ ਸਿੰਘ ਬਿਟੂ ਨੇ ਗੀਤ ਬਸੰਤ, ਨੇਤਰ ਸਿੰਘ ਮੁੱਤੋਂ ਕਵਿਤਾ ਪੰਜ ਵਿਕਾਰ, ਜੋਰਾਵਰ ਸਿੰਘ ਪੰਛੀ ਗ਼ਜ਼ਲ ਨਾ ਤਨ ਸੰਭਾਲ ਹੋਇਆ, ਪੰਮੀ ਹਬੀਬ ਗੀਤ ਫ਼ਕੀਰਾਂ ਵਾਲੀ ਲੋਈ,ਨਰਿੰਦਰ ਮਣਕੂ ਗੀਤ ਅੰਮੀਏ, ਮਨਪ੍ਰੀਤ ਸਿੰਘ ਗੋਬਿੰਦਪੁਰਾ ਗੀਤ ਧੀਆਂ,ਪ੍ਰਗਟ ਸਿੰਘ ਭੁਮੱਦੀ ਗੀਤ ਜ਼ਿੰਦਗੀ ਦੀ ਪੰਡ, ਹਰਪ੍ਰੀਤ ਸਿੰਘ ਸਿਹੌੜਾ ਤੇ ਮਨਜੀਤ ਸਿੰਘ ਘੁੰਮਣ ਨੇ ਬੱਬੀ ਦੇ ਸਨਮਾਨ ਵਿੱਚ ਕਵਿਤਾ, ਸ਼ੰਮੀ ਖਾਨ ਨੇ ਧਾਰਮਿਕ ਸ਼ਬਦ, ਸਨੀ ਵਰਮਾ ਨੇ ਕਵਿਤਾ ਲੋਕ, ਅਵਤਾਰ ਮਾਨ ਖੰਨਾਂ ਗੀਤ ਸ਼ਿਵ ਜੀ,ਮਨਦੀਪ ਸਿੰਘ ਮਾਣਕੀ ਗੀਤ ਅਰਮਾਨ ਵੀਰ ਸਿੰਘ ਕਵਿਤਾ, ਗੇਲ ਭੁਮੱਦੀ ਗੀਤ ਦਿਲ ਦੇ ਟੁਕੜੇ, ਸਰਦਾਰ ਪੰਛੀ ਜੀ ਨੇ ਗਜ਼ਲ, ਜਗਦੇਵ ਸਿੰਘ ਘੁੰਗਰਾਲੀ ਨੇ ਕਵਿਤਾ ਇਲਤੀ ਬਾਬਾ, ਗੁਰਸੇਵਕ ਸਿੰਘ ਢਿਲੋ ਨੇ ਕਿਸਾਨਾਂ ਬਾਰੇ ਗੀਤ, ਸੁਖਦੇਵ ਸਿੰਘ ਕੁੱਕੂ ਘਲੋਟੀ ਨੇ ਗੀਤ ਰੱਬ ਦਾ ਨਾਮ,ਹਰਬੰਸ ਸਿੰਘ ਰਾਏ ਨੇ ਗੀਤ ਸੱਚ, ਬਲਵੰਤ ਸਿੰਘ ਵਿਰਕ ਨੇ ਕਵਿਤਾ ਟ੍ਰੈਫਿਕ ਨਿਯਮ, ਬਾਵਾ ਹੌਲੀਆ ਨੇ ਗੀਤ ਮਾਰੂਥਲ,ਮਨਜੀਤ ਸਿੰਘ ਘੁੰਮਣ ਨੇ ਗੀਤ ਬਚਪਨ,ਮਾਸਟਰ ਰਣਜੀਤ ਸਿੰਘ ਨੇ ਗੀਤ ਇਸ਼ਕ,ਲਖਵੀਰ ਸਿੰਘ ਲੱਭਾ ਗੀਤ ਪਿੰਡ ਦੀਆਂ ਗਲੀਆਂ,ਅਵਤਾਰ ਸਿੰਘ ਕੋਸ਼ ਭੁਮੱਦੀ ਧਾਰਮਿਕ ਗੀਤ ਗੁਰਸਿੱਖ,ਹਰਬੰਸ ਸਿੰਘ ਸ਼ਾਨ ਬਗਲੀ ਕਵਿਤਾ ਭਾਰਤੀ ਗਣਤੰਤਰ, ਮਾਸਟਰ ਪਿੰਦਰ ਸਿੰਘ ਕਵਿਤਾ, ਬਲਬੀਰ ਸਿੰਘ ਬੱਬੀ ਨੇ ਕਵਿਤਾ ਨਕਲੀ, ਯੋਧ ਭੁਮੱਦੀ ਤੇ ਪ੍ਰੀਤਮ ਸਿੰਘ ਭੁਮੱਦੀ ਨੇ ਗੀਤ ਸੁਣਾਏ।

ਇਸ ਮੀਟਿੰਗ ਦੇ ਵਿੱਚ ਕਹਾਣੀਕਾਰ ਰੁਪਿੰਦਰ ਸਿੰਘ ਰੁਪਾਲ ਅਰਮਾਨ ਵੀਰ ਸਿੰਘ, ਸ਼ਿੰਦਰ ਸਿੰਘ, ਬੇਅੰਤ ਸਿੰਘ, ਟਹਿਲ ਸਿੰਘ, ਅਮਰਜੀਤ ਸਿੰਘ, ਲਖਵੀਰ ਸਿੰਘ, ਕਸ਼ਮੀਰ ਸਿੰਘ, ਪ੍ਰੀਤਮ ਸਿੰਘ,ਗੁਰਪ੍ਰੀਤ ਸਿੰਘ, ਸੌਂਕੀ ਭੁਮੱਦੀ, ਸ਼ਾਹ ਨਿਵਾਜ ਖੰਨਾ, ਜਗਤਾਰ ਸਿੰਘ ਆਦਿ ਤੋਂ ਇਲਾਵਾ ਨਗਰ ਨਿਵਾਸੀ ਨੇ ਭਾਗ ਲਿਆ। ਬਲਬੀਰ ਸਿੰਘ ਬੱਬੀ ਦੇ ਰੂਬਰੂ ਸਬੰਧੀ ਬਹੁਤ ਹੀ ਵਧੀਆ ਸਾਹਿਤਕ ਮਾਹੌਲ ਦੇ ਵਿੱਚ ਗੱਲਾਂ ਬਾਤਾਂ ਹੋਈਆਂ। ਇਸ ਮੌਕੇ ਇਸ ਰੂਬਰੂ ਪ੍ਰੋਗਰਾਮ ਨੂੰ ਅਸ਼ੀਰਵਾਦ ਦੇਣ ਲਈ ਪੁੱਜੇ ਉੱਗੇ ਗ਼ਜ਼ਲਗੋ ਉਰਦੂ ਵਿਦਵਾਨ ਉਸਤਾਦ ਸ਼ਾਇਰ ਜਨਾਬ ਸਰਦਾਰ ਪੰਛੀ ਨੇ ਕਿਹਾ ਕਿ ਸਾਹਿਤ ਜਾਂ ਪੱਤਰਕਾਰੀ ਤੋਂ ਇਲਾਵਾ ਜਿਹੜੀ ਕਲਮ ਚੰਗਾ ਤੇ ਸਹੀ ਕੰਮ ਕਰਦੀ ਹੈ ਉਸ ਦੀ ਹੌਸਲਾ ਅਫਜ਼ਾਈ ਬਹੁਤ ਜਰੂਰੀ ਹੈ ਇਹ ਅੱਜ ਭੁਮੱਦੀ ਸਹਿਤ ਸਭਾ ਵਾਲਿਆਂ ਨੇ ਬਲਬੀਰ ਸਿੰਘ ਬੱਬੀ ਦਾ ਰੁਬਰੂ ਰੱਖ ਕੇ ਸਿੱਧ ਕੀਤਾ। ਅਖੀਰ ਵਿੱਚ ਬਲਬੀਰ ਸਿੰਘ ਬੱਬੀ ਦਾ ਸਨਮਾਨ ਕੀਤਾ ਗਿਆ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਹਰਦੀਪ ਸਿੰਘ ਸੇਠ ਨੇ ਕੀਤਾ।

# ਭਾਰਤ ਨਗਰ ਸ਼ਾਪਕੀਪਰਜ਼ ਐਸੋਸੀਏਸ਼ਨ (ਰਜਿ:) ਨੇ ਆਬਕਾਰੀ ਤੇ ਕਰ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਜੀ.ਐਸ.ਟੀ ਬਾਰੇ ਜਾਗਰੂਕਤਾ ਵਰਕਸ਼ਾਪ ਲਗਾਈ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਭਾਰਤ ਨਗਰ ਸ਼ਾਪਕੀਪਰਜ਼ ਐਸੋਸੀਏਸ਼ਨ (ਰਜਿ:) ਨੇ ਆਬਕਾਰੀ ਅਤੇ ਕਰ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਜੀ.ਐਸ.ਟੀ. ਬਾਰੇ ਇੱਕ ਜਾਣਕਾਰੀ ਭਰਪੂਰ ਵਰਕਸ਼ਾਪ ਦਾ ਆਯੋਜਨ ਕੀਤਾ। ਇਸ ਸੈਸ਼ਨ ਦਾ ਉਦੇਸ਼ ਦੁਕਾਨਦਾਰਾਂ ਨੂੰ ਜੀ.ਐਸ.ਟੀ. ਦੇ ਮੁੱਖ ਨਿਯਮਾਂ ਅਤੇ ਪਾਲਣਾ ਦੀਆਂ ਜ਼ਰੂਰਤਾਂ ਤੋਂ ਜਾਣੂ ਕਰਵਾਉਣਾ ਸੀ। ਇਸ ਵਰਕਸ਼ਾਪ ਵਿੱਚ ਇਲਾਕੇ ਦੇ 50 ਦੇ ਕਰੀਬ ਦੁਕਾਨਦਾਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਵਰਕਸ਼ਾਪ ਦੌਰਾਨ ਵਿਚਾਰੇ ਗਏ ਮੁੱਖ ਨੁਕਤੇ ਘਸ਼ਠ ਰਜਿਸਟ੍ਰੇਸ਼ਨ ਸੀਮਾ, ਘਸ਼ਠ ਰਜਿਸਟ੍ਰੇਸ਼ਨ ਉਹਨਾਂ ਕਾਰੋਬਾਰਾਂ ਲਈ ਲਾਜ਼ਮੀ ਹੈ ਜਿਨ੍ਹਾਂ ਦਾ ਸਾਲਾਨਾ ਟਰਨਓਵਰ ₹40 ਲੱਖ (ਮਾਲ) ਅਤੇ ₹20 ਲੱਖ (ਸੇਵਾਵਾਂ) ਹੈ।

, ਿ ਇ ਨ ੰ ਂ ਨਿਯਮਾਂ ਤਹਿਤ ਵਾਧੂ ਅਹਾਤੇ ਦੀ ਰਜਿਸਟ੍ਰੇਸ਼ਨ ਵੀ ਲਾਜ਼ਮੀ ਹੈ। **ਬਕਾਇਆ ਟੈਕਸ ਮੰਗ ਯੋਜਨਾ:** ਟੈਕਸਦਾਤਾਵਾਂ ਨੂੰ 2017-18, 2018-19 ਅਤੇ 2019-20 ਲਈ ਬਕਾਇਆ ਟੈਕਸ ਮੰਗਾਂ ਨੂੰ ਬਿਨਾਂ ਵਿਆਜ਼ ਅਤੇ ਜ਼ੁਰਮਾਨੇ ਦੇ ਨਿਪਟਾਉਣ ਦੀ ਇਜਾਜ਼ਤ ਹੈ।

ਇਹ ਸਕੀਮ 31 ਮਾਰਚ 2025 ਤੱਕ ਵੈਧ ਹੈ।



ਟੈਕਸਦਾਤਾ ਪੋਰਟਲ 'ਤੇ "ਦੇਣਦਾਰੀ ਰਜਿਸਟਰ" ਵਿੱਚ ਆਪਣੀਆਂ ਬਕਾਇਆ ਮੰਗਾਂ ਅਤੇ ਨੋਟਿਸਾਂ ਨੂੰ ਦੇਖ ਸਕਦੇ ਹਨ। ਪੇਸ਼ੇਵਰ ਟੈਕਸ ਰਜਿਸਟਰੇਸ਼ਨ ਜੋ ਕਿ 2018 ਤੋਂ ਲਾਜ਼ਮੀ ਹੈ, ਸਾਰੇ ਆਮਦਨ ਟੈਕਸਦਾਤਾਵਾਂ ਲਈ ਜ਼ਰੂਰੀ ਹੈ। ਮਾਲਕਾਂ ਨੂੰ ਕਿਰਾਏ 'ਤੇ ਆਪਣੇ ਕਰਮਚਾਰੀਆਂ ਤੋਂ ਫਸ਼ਧਠ ਕੱਟਣਾ ਅਤੇ ਜਮ੍ਹਾ ਕਰਨਾ ਹੋਵੇਗਾ: ਅਕਤੂਬਰ 2024 ਤੋਂ ਰਜਿਸਟਰਡ ਫਰਮਾਂ ਦੁਆਰਾ ਭੁਗਤਾਨ ਕੀਤੇ ਗਏ ਕਿਰਾਏ 'ਤੇ ਘਸ਼ਠ ਲਾਗੂ ਹੋਵ-ੇਗਾ। ਪ੍ਰੋਗਰਾਮ ਦੀ ਸ਼ੁਰੂਆਤ ਭਾਰਤ ਨਗਰ ਦੁਕਾਨਦਾਰ ਐਸੋਸੀਏਸ਼ਨ ਦੇ ਚੇਅਰਮੈਨ ਦੀਪਕ ਬਡਿਆਲ ਨੇ ਮੁੱਖ ਮਹਿਮਾਨ ਈ.ਟੀ.ਓ ਸੌਰਭ ਸਿੰਗਲਾ, ਇੰਸਪੈਕਟਰ ਮੈਡਮ ਤਾਨੀਆ, ਇੰਸਪੈਕਟਰ ਹਰਮੇਸ਼ ਲਾਲ ਨੂੰ ਗੁਲਦਸਤੇ ਦੇ ਕੇ ਸਵਾਗਤ ਕਰਕੇ ਕੀਤੀ ਙ ਇਸ ਵਰਕਸ਼ਾਪ ਵਿੱਚ ਸੀਨੀਅਰ ਮੈਂਬਰ ਸੁਰੇਸ਼ ਸੂਦ, ਤਜਿੰਦਰ ਸਿੰਘ ਮੈਟਰੋ, ਵਿਨੈ ਮਹਿੰਦਰਾ, ਮਨੀ ਰਾਮ, ਧਨਵੰਤ ਸਿੰਘ, ਪਵਨ ਮਿੱਤਲ ਵੀ ਹਾਜ਼ਰ ਸਨ।

ਮੁੱਖ ਬੁਲਾਰਿਆਂ ਨੇ ਜੀ.ਐਸ.ਟੀ. ਦੀ ਪਾਲਣਾ ਸੰਬੰਧੀ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ, ਸ਼ੰਕਿਆਂ ਦਾ ਨਿਪਟਾਰਾ ਕੀਤਾ ਅਤੇ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਿਆ ਜਾਵੇ ।

# ਵਿਸ਼ੇਸ਼ ਅਧਿਆਪਕਾਂ ਨੂੰ ਪੱਕਾ ਕਰਨ ਦੀ ਬਜਾਏ ਸਰਕਾਰ ਮੀਟਿੰਗਾਂ ਨਾਲ ਡੰਗ ਟੱਪਾ ਰਹੀ ਹੈ

## 5 ਫ਼ਰਵਰੀ ਨੂੰ ਕੀਤਾ ਜਾਵੇਗਾ ਆਮ ਆਦਮੀ ਪਾਰਟੀ ਦੇ ਦਫ਼ਤਰ ਦਾ ਘਿਰਾਓ

**ਕਪੂਰਥਲਾ, (ਕੌੜਾ)–** ਵਿਸ਼ੇਸ਼ ਅਧਿਆਪਕ ਯੂਨੀਅਨ (ਆਈ ਈ ਆਰ ਟੀ) ਦੇ ਪ੍ਰਧਾਨ ਰਮੇਸ਼ ਸਹਾਰਨ, ਮੀਤ ਪ੍ਰਧਾਨ ਗੁਰਮੀਤ ਸਿੰਘ, ਨਰਿੰਦਰ ਕੁਮਾਰ, ਨੀਰਜ ਕਟੋਚ ਆਦਿ ਨਾਲ

ਡੀ ਐੱਸ ਈ ਗੋਪਾਲ ਕ੍ਰਿਸ਼ਨ,ਆਈ ਆਰ ਟੀ ਟੀ ਰਜੀਵ ਪਠਾਨੀਆ,ਕਿਰਨਪਾਲ ਸਿੰਘ, ਜਤਿੰਦਰ ਕੁਮਾਰ ਆਦਿ ਨੇ ਮੀਟਿੰਗ ਕਰਦੇ ਹੋਏ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਸਾਨੂੰ ਪਹਿਲੀ ਕੈਬਨਿਟ ਮੀਟਿੰਗ ਵਿੱਚ ਰੈਗੂਲਰ ਕਰਨ ਦਾ ਭਰੋਸਾ ਦਿੱਤਾ ਗਿਆ ਸੀ। ਪਰੰਤੂ ਤਿੰਨ ਸਾਲ ਗੁਜਰਨ ਦੇ ਬਾਵਜੂਦ ਵੀ ਹਾਲੇ ਤੱਕ ਕੋਈ ਵੀ ਹੱਲ ਨਹੀਂ ਕੀਤਾ ਗਿਆ। ਸਿੱਖਿਆ ਮੰਤਰੀ ਅਤੇ ਵਿੱਤ ਮੰਤਰੀ ਸਾਹਿਬ ਨਾਲ ਅਤੇ ਕੈਬਨਿਟ ਸਬ ਕਮੇਟੀ ਨਾਲ ਕਾਫੀ ਮੀਟਿੰਗਾਂ ਹੋਣ ਦੇ ਬਾਵਜੂਦ ਵੀ ਕੋਈ ਹੱਲ ਨਹੀਂ ਹੋਇਆ। ਵਿੱਤ ਮੰਤਰੀ ਦੀ ਪ੍ਰਧਾਨਗੀ ਹੇਠ ਮੀਟਿੰਗ ਦੇ ਦੌਰਾਨ ਅਫਸਰ



ਕਮੇਟੀ ਬਣਾ ਕੇ ਉਸ ਨੂੰ ਮੀਟਿੰਗ ਕਰਨ ਲਈ ਕਿਹਾ ਗਿਆ ਸੀ। ਅਫਸਰ ਕਮੇਟੀ ਵੱਲੋਂ ਵੀ ਤਿੰਨ ਚਾਰ ਮੀਟਿੰਗਾਂ ਕਰ ਲਈਆਂ ਹਨ । ਪ੍ਰੰਤੂ ਹੁਣ ਤੱਕ ਵੀ ਸਾਨੂੰ ਰੈਗੂਲਰ ਕਰਨ ਦਾ ਫੈਸਲਾ ਨਹੀਂ ਲਿਆ ਗਿਆ ਤੇ ਮੀਟਿੰਗਾਂ ਕਰਕੇ ਸਮਾਂ ਲੰਘਾਇਆ ਜਾ ਰਿਹਾ ਹੈ। ਬਲਕਿ ਰੈਗੂਲਰ ਕਰਨ ਦੀ ਬਜਾਏ ਉਲਟਾ ਤਨਖਾਹਾਂ ਤੇ ਕੱਟ ਲਾਇਆ ਜਾ ਰਿਹਾ ਹੈ। ਮੋਹਾਲੀ ਸਿੱਖਿਆ ਵਿਭਾਗ ਦੇ ਮੁੱਖ ਦਫਤਰ ਦੇ ਬਾਹਰ 85 ਦਿਨਾਂ ਤੋਂ ਸਾਡਾ ਧਰਨਾ ਚੱਲ ਰਿਹਾ ਹੈ । ਵਿਸ਼ੇਸ਼ ਅਧਿਆਪਕ ਯੂਨੀਅਨ ਦੇ ਕੱਚੇ ਮੁਲਾਜ਼ਮਾਂ ਨੂੰ ਬਹੁਤ ਉਮੀਦ ਸੀ ਕਿ ਇਸ ਵਾਰ ਉਹਨਾਂ ਦੀ ਇਹ ਲੋਹੜੀ ਨਿੱਘੀ ਹੋਵੇਗੀ। ਪ੍ਰੰਤੂ ਸਰਕਾਰ ਦੀਆਂ ਚਾਲਾਂ ਤੋਂ ਲੱਗਦਾ ਸਮਾਂ ਲੰਘਾਇਆ ਜਾ ਰਿਹਾ ਅਤੇ ਪ੍ਰੋਪਰ ਚੈਨਲ ਭਰਤੀ ਵਾਲੇ ਕੱਚੇ ਮੁਲਾਜ਼ਮਾਂ ਨੂੰ ਅਜੇ ਤੱਕ ਵੀ ਰੈਗੂਲਰ ਦੇ ਆਰਡਰ ਨਹੀਂ ਦਿੱਤੇ ਹਨ ।ਜਿਸ ਦੇ ਰੋਸ ਵਜੋਂ ਵਿਸ਼ੇਸ਼ ਅਧਿਆਪਕ ਯੂਨੀਅਨ ਵੱਲੋਂ ਮਿਤੀ 05-02-2025 ਨੂੰ ਆਮ ਆਦਮੀ ਪਾਰਟੀ ਦਫਤਰ ਚੰਡੀਗੜ੍ਹ ਦਾ ਘਿਰਾਓ ਕਰਨ ਲਈ 12:00 ਵਜੇ ਕੂਚ ਕੀਤਾ ਜਾਵੇਗਾ।

# ਅਰੋੜਾ ਨੇ ਵਿੱਤ ਮੰਤਰੀ ਸੀਤਾਰਮਨ ਨੂੰ ਆਉਣ ਵਾਲੇ ਬਜਟ ਵਿੱਚ ਐਮਪੀਐਲਏਡੀਐਸ ਲਈ ਅਲਾਟਮੈਂਟ 5 ਕਰੋੜ ਰੁਪਏ ਤੋਂ ਵਧਾ ਕੇ 10 ਕਰੋੜ ਰੁਪਏ ਕਰਨ ਦੀ ਕੀਤੀ ਬੇਨਤੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਤੋਂ ਸੰਸਦ ਮੈਂਬਰ (ਰਾਜ ਸਭਾ) ਸੰਜੀਵ ਅਰੋੜਾ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਇੱਕ ਪੱਤਰ ਲਿਖ ਕੇ ਆਉਣ ਵਾਲੇ ਬਜਟ ਵਿੱਚ ਐਮਪੀਐਲਏਡੀਐਸ ਲਈ ਅਲਾਟਮੈਂਟ ਵਧਾ ਕੇ 10 ਕਰੋੜ ਰੁਪਏ ਕਰਨ ਦੀ ਬੇਨਤੀ ਕੀਤੀ ਹੈ। ਇਹ ਜਾਣਕਾਰੀ ਦਿੰਦੇ ਹੋਏ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਪੱਤਰ ਵਿੱਚ ਜ਼ਿਕਰ ਕੀਤਾ ਹੈ ਕਿ

ਜਿਵੇਂ-ਜਿਵੇਂ ਆਉਣ ਵਾਲਾ ਬਜਟ ਨੇੜੇ ਆ ਰਿਹਾ ਹੈ, ਉਹ ਵਿੱਤ ਮੰਤਰੀ ਦਾ ਧਿਆਨ 21 ਮਾਰਚ ਅਤੇ 29 ਅਕਤੂਬਰ, 2023 ਦੇ ਉਨ੍ਹਾਂ ਦੇ ਪਿਛਲੇ ਪੱਤਰ ਵਿਹਾਰ ਵੱਲ ਖਿੱਚਣਾ ਚਾਹੁੰਦੇ ਹਨ, ਜਿਸ ਵਿੱਚ ਉਨ੍ਹਾਂ ਨੇ ਐਮਪੀਐਲਏਡੀਐਸ ਦੇ ਤਹਿਤ ਅਲਾਟਮੈਂਟ ਨੂੰ ਵਧਾ ਕੇ



ਪ੍ਰਤੀ ਸੰਸਦ ਮੈਂਬਰ ਪ੍ਰਤੀ ਸਾਲ 10 ਕਰੋੜ ਰੁਪਏ ਕਰਨ ਦੀ ਮੰਗ ਕੀਤੀ ਸੀ ਅਤੇ ਉਨ੍ਹਾਂ ਨੂੰ ਇਸ 'ਤੇ ਵਿਚਾਰ ਕਰਨ ਦੀ ਬੇਨਤੀ ਕੀਤੀ ਸੀ। ਅਰੋੜਾ ਨੇ ਆਪਣੇ ਪੱਤਰ ਵਿੱਚ ਅੱਗੇ ਦੱਸਿਆ ਕਿ 2011 ਵਿੱਚ ਨਿਰਧਾਰਤ 5 ਕਰੋੜ ਰੁਪਏ ਦੀ ਮੌਜੂਦਾ ਅਲਾਟਮੈਂਟ ਹੁਣ ਸੰਸਦ ਮੈਂਬਰਾਂ ਦੇ ਹਲਕਿਆਂ ਵਿੱਚ ਵਧਦੀਆਂ ਵਿਕਾਸ ਲੋੜਾਂ ਨੂੰ ਪੂਰਾ ਕਰਨ ਲਈ ਕਾਫ਼ੀ ਨਹੀਂ ਹੈ। ਪਿਛਲੇ 14 ਸਾਲਾਂ ਦੌਰਾਨ ਬੁਨਿਆਦੀ ਢਾਂਚੇ, ਸਿਹਤ ਸੰਭਾਲ, ਸਿੱਖਿਆ, ਸਵੱਛਤਾ ਦੀਆਂ ਵਧਦੀਆਂ ਮੰਗਾਂ ਅਤੇ ਮਹਿੰਗਾਈ ਦੇ ਪ੍ਰਭਾਵ ਨੂੰ ਦੇਖਦੇ ਹੋਏ, ਐਮਪੀਐਲਏਡੀ ਫੰਡਾਂ ਵਿੱਚ ਵਾਧਾ ਸੰਸਦ ਮੈਂਬਰਾਂ ਨੂੰ ਵਧੇਰੇ ਵਿਆਪਕ ਪ੍ਰੋਜੈਕਟ ਸ਼ੁਰੂ ਕਰਨ ਦੇ ਸਮਰੱਥ ਬਣਾਏਗਾ ਜਿਨ੍ਹਾਂ ਦਾ ਸਿੱਧਾ ਲਾਭ ਲੋਕਾਂ ਨੂੰ ਹੋਵੇਗਾ।

ਅਰੋੜਾ ਨੇ ਉਮੀਦ ਪ੍ਰਗਟਾਈ ਕਿ ਉਨ੍ਹਾਂ ਦੇ ਸੁਝਾਵਾਂ ਨੂੰ ਆਉਣ ਵਾਲੇ ਕੇਂਦਰੀ ਬਜਟ ਵਿੱਚ ਵਡੇਰੇ ਜਨਤਕ ਹਿੱਤ ਵਿੱਚ ਸਵੀਕਾਰ ਕੀਤਾ ਜਾਵੇਗਾ ਅਤੇ ਲਾਗੂ ਕੀਤਾ ਜਾਵੇਗਾ।

for more news visit:
www.samajweekly.com

# ਬੀਕੇਯੂ ਪੰਜਾਬ ਦੀ ਮਹੀਨਾਵਾਰ ਮੀਟਿੰਗ ਪਿੰਡ ਖੁਰਲਾ ਪੁਰ ਵਿਖੇ ਹੋਈ

## ਪੁਲਿਸ ਪਬਲਿਕ ਦੀਆਂ ਸਮੱਸਿਆਂਵਾਂ ਵੱਲ ਧਿਆਨ ਦੇਵੇ - ਲਖਵੀਰ ਸਿੰਘ, ਨਰਿੰਦਰ ਬਾਜਵਾ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)–** ਬੀਕੇਯੂ ਪੰਜਾਬ ਦੀ ਮਹੀਨਾਵਾਰ ਮੀਟਿੰਗ ਮਹਿਤਪੁਰ ਬਲਾਕ ਦੇ ਪਿੰਡ ਖੁਰਲਾ ਪੁਰ ਵਿਖੇ ਸਰਪੰਚ ਗੁਰਮੁਖ ਸਿੰਘ ਦੇ ਗ੍ਰਹਿ ਵਿਖੇ ਹੋਈ। ਇਸ ਮੀਟਿੰਗ ਵਿਚ ਹਾਜ਼ਰ ਵਰਕਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਅਤੇ ਨਰਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਅਜੋਕੇ ਸਮੇਂ ਵਿਚ ਕਿਸਾਨ ਵੀਰਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਮਹਿਤਪੁਰ ਇਲਾਕੇ ਵਿਚ ਚੋਰੀਆਂ, ਲੁੱਟ ਖੋਹ, ਨਸ਼ਾ ਤਸ਼ਕਰੀ, ਨਜਾਇਜ਼ ਮਾਇੰਨਗ ਪੂਰੇ ਜ਼ੋਰਾਂ ਤੇ ਹੈ ਪੁਲਿਸ ਵੱਲੋਂ ਪਬਲਿਕ ਦੀਆਂ ਸਮੱਸਿਆਂਵਾਂ ਵੱਲ ਬਣਦਾ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਮੌਕੇ ਚਲਦੀ ਮੀਟਿੰਗ ਵਿਚ ਇਕੱਤਰ ਵਰਕਰਾਂ ਵੱਲੋਂ ਇਜੰਟਾ ਵੱਲੋਂ ਵਿਦੇਸ਼ ਭੇਜਣ ਦੇ ਨਾਮ ਤੇ ਕੀਤੀ ਲੁੱਟ, ਮੋਟਰਾਂ ਤੋਂ ਚੋਰਾ ਵੱਲੋਂ ਚੋਰੀ ਕੀਤੇ ਜਾ ਰਹੇ ਸਟਾਟਰ, ਕੇਬਲਾਂ, ਟਰਾਂਸਫਾਰਮਰਾਂ, ਅਤੇ ਡੀ ਏ ਪੀ ਖਾਦ ਦੀ ਕਿਲਤ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ।ਇਸ ਮੌਕੇ





ਬੀਕੇਯੂ ਪੰਜਾਬ ਦੀ ਮਹੀਨਾਵਾਰ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ, ਮੀਟਿੰਗ ਵਿਚ ਇਕੱਤਰ ਯੂਨੀਅਨ ਵਰਕਰ ਅਤੇ ਆਗੂ। ਤਸਵੀਰ ਚੰਦੀ ਮਹਿਤਪੁਰ

ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਕੌਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ, ਸਤਨਾਮ ਸਿੰਘ ਲੋਹਗੜ੍ਹ ਇਲੈਕਟਿਵ ਮੈਂਬਰ ਪੰਜਾਬ, ਸੋਢੀ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ, ਗੁਰਦੀਪ ਸਿੰਘ ਮੁਨੀਮ ਤਹਿਸੀਲ ਪ੍ਰਧਾਨ, ਡਾਕਟਰ ਮਹਿੰਦਰਪਾਲ ਸਿੰਘ ਤਹਿਸੀਲ ਪ੍ਰਧਾਨ, ਗੁਰਮੁਖ ਸਿੰਘ ਸਰਪੰਚ ਖੁਰਲਾ ਪੁਰ, ਹਰਜਿੰਦਰ ਸਿੰਘ ਚੰਦੀ ਪ੍ਰੈਸ ਸਕੱਤਰ ਪੰਜਾਬ, ਸ਼ਿੰਗਾਰਾ ਸਿੰਘ ਸਾਬਕਾ ਸਰਪੰਚ, ਨਗਿੰਦਰ ਸਿੰਘ ਪਰਜੀਆ, ਪਰਮਜੀਤ ਸਿੰਘ ਨਾਰੰਗਪੁਰ, ਕਾਕਾ ਆਦਰਮਾਨ, ਕਰਮ ਸਿੰਘ, ਹਰਭਜਨ ਸਿੰਘ ਜਨਰਲ ਸਕੱਤਰ ਨੂਰਮਹਿਲ, ਮਹਿੰਦਰ ਸਿੰਘ ਅਵਾਣ ਖਾਲਸਾ, ਧਰਮਪਾਲ ਸਿੰਘ, ਕਸ਼ਮੀਰ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ, ਰਾਮ ਸਿੰਘ ਪੰਚ, ਜਸਵੀਰ ਸਿੰਘ, ਕਰਮਜੀਤ ਸਿੰਘ, ਬਲਵਿੰਦਰ ਸਿੰਘ, ਸਰਬਜੀਤ ਸਿੰਘ ਨੰਬਰਦਾਰ, ਸੰਤੋਖ ਸਿੰਘ, ਜਗਦੇਵ ਸਿੰਘ ਪੰਚ, ਕਸ਼ਮੀਰ ਸਿੰਘ ਆਦਿ ਹਾਜ਼ਰ ਸਨ।

# ਜਮਹੂਰੀ ਅਧਿਕਾਰ ਸਭਾ ਵੱਲੋਂ ਕੰਮਪਿਊਟਰ ਅਧਿਆਪਕ ਸੰਘਰਸ਼ ਕਮੇਟੀ ਵੱਲੋਂ ਚਲ ਰਹੇ ਸੰਘਰਸ਼ ਦੀ ਰਿਪੋਰਟ ਜਾਰੀ

**ਸੰਗਰੂਰ।** ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਜਗਮੋਹਨ ਸਿੰਘ, ਸੂਬਾ ਸਕੱਤਰ ਪ੍ਰਿਤਪਾਲ ਸਿੰਘ ਅਤੇ ਵਿੱਤ ਸਕੱਤਰ ਤਰਸੇਮ ਲਾਲ ਨੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕੰਪਿਊਟਰ ਟੀਚਰ ਨੂੰ 2011 ਵਿੱਚ ਜਾਰੀ ਨੋਟੀਫਿਕੇਸ਼ਨ ਅਨੁਸਾਰ ਸਿੱਖਿਆ ਵਿਭਾਗ ਵਾਲੇ ਮੁਲਾਜਮਾਂ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ ਅਤੇ ਸਿੱਖਿਆ ਵਿਭਾਗ ਵਿੱਚ ਸ਼ਾਮਿਲ ਕੀਤਾ ਜਾਵੇ। ਜਿਲ੍ਹਾ ਸੰਗਰੂਰ ਦੇ ਪ੍ਰਧਾਨ ਜਗਜੀਤ ਭੁਟਾਲ, ਸਕੱਤਰ ਕੁਲਦੀਪ ਸਿੰਘ ਬਸੇਸ਼ਰ ਰਾਮ ਅਤੇ ਅਮਰੀਕ ਖੋਖਰ ਦੀ ਮਦਦ ਨਾਲ ਸਭਾ ਵੱਲੋਂ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਵੱਲੋਂ ਚੱਲ ਰਹੇ ਸੰਘਰਸ਼ ਦੀ ਰਿਪੋਰਟ ਅੱਜ ਜਾਰੀ ਕੀਤੀ ਗਈ। ਰਿਪੋਰਟ ਜਾਰੀ ਕਰਦੇ ਹੋਏ ਸਭਾ ਦੇ ਸੂਬਾ ਸਕੱਤਰ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਕਮੇਟੀ ਨੇ ਨੋਟ ਕੀਤਾ ਕਿ ਵੱਖ-ਵੱਖ ਸਮਿਆਂ ਤੇ ਰਹੀਆਂ ਸਰਕਾਰਾਂ ਨੇ ਸਿੱਖਿਆ ਵਿਭਾਗ ਨੂੰ ਗੰਭੀਰਤਾ ਨਾਲ ਨਹੀਂ ਲਿਆ। ਉਹ ਜ਼ਾਇਜ ਮੰਗਾ ਲਈ ਚਲਦੇ ਸੰਘਰਸ਼ਾਂ ਨੂੰ ਪੁਲਿਸ ਬਲ ਅਤੇ ਅਮਨ ਕਾਨੂੰਨ ਦੇ ਨਾਮ ਹੇਠ ਤਸ਼ੱਦਦ ਕਰਕੇ ਦਬਾਉਂਦੀ ਰਹੀ ਹੈ। ਕਿੱਤਾ ਸਿਖਿਆ ਅਤੇ ਇਸ ਨੂੰ ਵੱਖਰੀ ਸਟਰੀਮ ਦੇ ਤੌਰ ਤੇ ਚਲਾਉਣ ਦੇ ਐਲਾਣ ਕੇਵਲ ਕਾਗਜ਼ਾਂ ਵਿੱਚ ਹੀ ਰਹੇ, ਜ਼ਮੀਨੀ ਪੱਧਰ ਤੇ ਲਾਗੂ ਨਹੀਂ ਕੀਤੇ ਹੋਏ। ਨਵੀਂ ਸਿੱਖਿਆ



ਨੀਤੀ ਤਹਿਤ 1991 ਤੋਂ ਨਿੱਜੀ ਕਰਨ ਦੀਆਂ ਨੀਤੀਆਂ ਨੂੰ ਜ਼ੋਰ ਸ਼ੋਰ ਨਾਲ ਲਾਗੂ ਕਰਦੇ ਹੋਏ ਸਿੱਖਿਆ ਪ੍ਰਬੰਧ ਨੂੰ ਕਾਰਪੋਰੇਟ ਦੇ ਹਵਾਲੇ ਦਿੱਤਾ ਜਾ ਰਿਹਾ ਹੈ। ਪਿਕਟਸ ਇਸ ਦੀ ਇੱਕ ਉਦ-ਾਹਰਣ ਹੈ। ਇਹ ਇੰਨਾਂ ਨਿੱਜੀ ਅਦਾਰਿਆਂ ਵਰਗੀਆਂ ਸੁਸਾਇਟੀਆ ਬਣਾ ਕੇ ਯੋਗ ਅਧਿਆਪਕਾਂ ਨੂੰ ਸਹੂਲਤਾਂ ਤੋਂ ਵਾਂਝੇ ਰੱਖਣ ਅਤੇ ਅਸੁਰੱਖਿਆ ਦਾ ਮਹੌਲ ਬਣਾਉਣ ਦਾ ਸਾਧਨ ਹੈ। ਨਵੀਂ ਸਿੱਖਿਆ ਨੀਤੀ ਵਿੱਚ ਦਰਜ਼ ਪਿਤਾ ਪੁਰਖੀ ਸਿਖਲਾਈ ਦੇਣਾ ਸ਼ਰਮਨਾਕ ਤੇ ਖਤਰਨਾਕ ਵਰਤਾਰਾ ਹੈ। ਇਹ ਵਰਨ ਵਿਵਸਥਾ ਦਾ ਹੀ ਇੱਕ ਰੂਪ ਹੈ। ਸਿੱਖਿਆ ਦੇ ਖੇਤਰ ਵਿੱਚ ਅਜਿਹੇ ਪਿਛਾਖੜੀ ਵਿਚਾਰਾਂ ਦਾ ਆਉਣਾ ਖਤਰਨਾਕ ਹੈ। ਇਹ ਸਿੱਖਿਆ ਨੂੰ 18ਵੀਂ ਸਦੀ ਵੱਲ ਲਿਜਾਣ ਵਾਲਾ ਸੰਕਲਪ ਹੈ, ਜਿਸ ਨੂੰ ਸਿਰੇ ਤੋਂ ਰੱਦ ਕਰਨਾ ਬਣਦਾ ਹੈ। ਤਕਨੀਕੀ ਤੌਰ ਤੇ ਯੋਗਤਾ ਪ੍ਰਾਪਤ 20 ਸਾਲਾਂ ਤੋਂ ਨੌਕਰੀ ਕਰ ਰਹੇ ਸਮੂਹ ਕੰਪਿਊਟਰ ਅਧਿਆਪਕਾਂ ਨੂੰ ਸਾਰੇ ਲਾਭ ਦੇ ਕੇ ਸਿੱਖਿਆ ਵਿਭਾਗ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਸਿੱਖਿਆ ਦੇ ਬਜਟ ਕੇਂਦਰੀ ਅਤੇ ਰਾਜ ਸਰਕਾਰਾਂ ਕੁੱਲ ਬਜਟ ਦਾ 6% ਨਿਸਚਿਤ ਕਰਨਾ ਯਕੀਨੀ ਬਨਾਉਣ ਤਾਂ ਜੋ ਸਿੱਖਿਆ ਦੇ ਹੱਕ ਨੂੰ ਸੁਨਿਸ਼ਚਿਤ ਕਰਦੇ ਹੋਏ ਅਧਿਆਪਕਾਂ ਨੂੰ ਬਣਦਾ ਹੱਕ ਦਿੱਤਾ ਜਾ ਸਕੇ। ਵੋਕੇਸ਼ਨਲ ਸਟਰੀਮ ਨੂੰ ਸ਼ਕਤੀਸ਼ਾਲੀ ਬਨਾਉਣ ਲਈ ਕੰਪਿਊਟਰ ਅਧਿਆਪਕਾਂ ਨੂੰ ਇਸ ਦਾ ਹਿੱਸਾ ਬਣਾਇਆ ਜਾਵੇ। ਪਿਕਟਸ ਅਤੇ ਅਜਿਹੀਆ ਹੋਰ ਸੁਸਾਇਟੀਆਂ ਬਣਾ ਕੇ ਭਰਤੀ ਕਰਨ ਦੀ ਪ੍ਰਥਾ ਬੰਦ ਕੀਤੀ ਜਾਵੇ । ਜਥੇਬੰਦਕ ਆਗੂਆਂ ਤੇ ਬਣਾਏ ਕੇਸ ਰੱਦ ਕੀਤੇ ਜਾਣ। ਸਭਾ ਦੀ ਤੱਥ ਖੋਜ ਕਮੇਟੀ ਨੇ ਕੰਪਿਊਟਰ ਸੰਘਰਸ਼ ਕਮੇਟੀ ਦੇ ਆਗੂਆਂ ਪਰਮਵੀਰ ਸਿੰਘ,ਜਸਪਾਲ ਸਿੰਘ, ਬਲਜੀਤ ਸਿੰਘ ਨਰਦੀਪ ਸਿੰਘ ਤੋਂ ਇਲਾਵਾਂ ਦਰਜਨ ਦੇ ਕਰੀਬ ਆਗੂਆਂ ਅਤੇ ਆਮ ਕੰਪਿਊਟਰ ਟੀਚਰ ਨਾਲ ਮਿਲ ਕੇ ਇਹ ਰਿਪੋਰਟ ਜਾਰੀ ਕੀਤੀ।

**ਜਾਰੀ ਕਰਤਾ:- ਪ੍ਰਿਤਪਾਲ ਸਿੰਘ, ਸੂਬਾ ਸਕੱਤਰ, ਜਮਹੂਰੀ ਅਧਿਕਾਰ ਸਭਾ, ਪੰਜਾਬ,**

# ਥਾਣਾ ਗੜਦੀਵਾਲਾ ਦੀ ਪੁਲਿਸ ਨੇ ਚੋਰੀ ਦੇ ਪੰਜ ਮੋਟਰਸਾਈਕਲਾਂ ਸਮੇਤ ਤਿੰਨ ਵਿਅਕਤੀਆਂ ਨੂੰ ਕੀਤਾ ਕਾਬੂ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸੁਰਿੰਦਰ ਲਾਂਬਾ ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਤੇ ਸ਼ਿਕੰਜਾ ਕੱਸਦੇ ਹੋਏ, ਸਰਬਜੀਤ ਸਿੰਘ ਬਾਹੀਆ ਪੀ.ਪੀ.ਐਸ.ਕਪਤਾਨ ਪੁਲਿਸ/ ਤਫਤੀਸ਼ ਹੁਸ਼ਿਆਰਪੁਰ, ਦਵਿੰਦਰ ਸਿੰਘ ਬਾਜਵਾ ਪੀਪੀਐਸ ਉਪ ਕਪਤਾਨ ਪੁਲਿਸ ਸਬ-ਡਵੀਜ਼ਨ ਟਾਂਡਾ ਦੀ ਯੋਗ ਨਿਗਰਾਨੀ ਹੇਠ ਥਾਣਾ ਗੜ੍ਹਦੀਵਾਲਾ ਦੇ ਮੁੱਖੀ ਸਬ-ਇੰਸਪੈਕਟਰ ਗੁਰਸਾਹਿਬ ਸਿੰਘ ਦੀ ਅਗਵਾਈ ਹੇਠ ਪੁਲਿਸ ਪਾਰਟੀ ਨੇ ਤਿੰਨ ਵਿਅਕਤੀ ਪੰਜ ਚੋਰੀ ਦੇ ਮੋਟਰਸਾਈਕਲਾਂ ਸਮੇਤ ਗ੍ਰਿਫਤਾਰ ਕਰਨ ਕਾਮਯਾਬੀ



ਹਾਸਲ ਕੀਤੀ। ਇਸ ਸਬੰਧੀ ਐਸ.ਐਚ.ਓ ਗੁਰਸਾਹਿਬ ਸਿੰਘ ਨੇ ਦੱਸਿਆ ਕਿ ਐਸ ਆਈ ਸਤਪਾਲ ਸਿੰਘ ਨੇ ਖਾਸ ਇਤਲਾਹ ਤੇ ਪਿੰਡ ਚੋਹਕਾ ਵੱਲੋਂ ਤਿੰਨ ਨੌਜਵਾਨ ਮੋਟਰਸਾਈਕਲ ਤੇ ਆਉਂਦੇ ਵਿਅਕਤੀਆਂ ਨੂੰ ਰੋਕ ਕੇ ਉਹਨਾਂ ਦਾ ਉਸਨੇ ਆਪਣਾ ਨਾਮ ਸੁਰਿੰਦਰ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਪਿੰਡ ਖੁਣ ਖੁਣ ਸਰਕੀ ਥਾਣਾ ਦਸੂਹਾ ਹਾਲ ਵਾਸੀ ਪਿੰਡ ਡੱਫਰ ਦੱਸਿਆ ਅਤੇ ਉਸਦੇ ਪਿੱਛੇ ਬੈਠੇ ਨੌਜਵਾਨ ਨੇ ਆਪਣਾ ਨਾਮ ਸਰਵਣ ਸਿੰਘ ਪੁੱਤਰ ਪ੍ਰਕਾਸ ਸਿੰਘ ਵਾਸੀ ਪਿੰਡ ਖੁਣ ਖੁਣ ਸਰਕੀ ਅਤੇ ਤੀਜੇ ਨੇ ਆਪਣਾ ਨਾਮ ਮਨਜੀਤ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਪਿੰਡ ਖੁਣ ਖੁਣ ਸਰਕੀ ਥਾਣਾ ਦਸੂਹਾ ਹਾਲ ਵਾਸੀ ਪਿੰਡ ਡੱਫਰ ਦੱਸਿਆ । ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਜਦੋ ਉੱਕਤ ਵਿਅਕਤੀਆਂ ਕੋਲੋਂ ਪੁਲੀਸ ਵਲੋਂ ਸਖਤੀ ਨਾਲ ਪੁੱਛਗਿੱਛ ਕਰਨ ਤੇ ਉਨ੍ਹਾਂ ਦੀ ਨਿਸ਼ਾਨਦੇਹੀ ਤੇ ਪੰਜ ਚੋਰੀਸ਼ੁਦਾ ਮੋਟਰਸਾਈਕਲ ਬਰਾਮਦ ਕੀਤੇ ਗਏ। ਪੁਲਿਸ ਵਲੋਂ ਤਿੰਨਾਂ ਵਿਅਕਤੀਆਂ ਨੂੰ ਪੰਜ ਚੋਰੀਸ਼ੁਦਾ ਮੋਟਰਸਾਈਕਲਾਂ ਸਮੇਤ ਕਾਬੂ ਕਰਕੇ ਕਾਰਵਾਈ ਅਮਲ ਵਿੱਚ ਲਿਆਦੀ।

**ਫੋਟੋ ਅਜਮੇਰ ਦੀਵਾਨਾ**

# ਵੈਕਟਰ ਬੌਰਨ ਬੀਮਾਰੀਆਂ ਸਬੰਧੀ ਸਿਹਤ ਕਰਮਚਾਰੀਆਂ ਦੀ ਮਹੀਨਾਵਾਰ ਮੀਟਿੰਗ ਹੋਈ





**ਸੀ ਐੱਚ ਸੀ ਖਿਆਲਾ ਕਲਾਂ ਵਿਖੇ ਵੈਕਟਰ ਬੌਹਨ ਬੀਮਾਰੀਆਂ ਸਬੰਧੀ ਹੋਈ ਮੀਟਿੰਗ ਦਾ ਦ੍ਰਿਸ਼।**

**ਮਾਨਸਾ ( ਚਾਨਣ ਦੀਪ ਸਿੰਘ ਔਲਖ )** ਸਿਵਲ ਸਰਜਨ ਮਾਨਸਾ ਦੀਆਂ ਹਦਾਇਤਾਂ ਅਨੁਸਾਰ ਅੱਜ ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਜੀਤ ਕੌਰ ਦੀ ਪ੍ਰਧਾਨਗੀ ਹੇਠ ਸੀ. ਐੱਚ. ਸੀ. ਖਿਆਲਾ ਕਲਾਂ ਵਿਖੇ ਮਲਟੀਪਰਪਜ ਹੈਲਥ ਸੁਪਰਵਾਈਜ਼ਰ (ਮੇਲ) ਅਤੇ ਮਲਟੀਪਰਪਜ ਹੈਲਥ ਵਰਕਰ (ਮੇਲ) ਦੀ ਵੈਕਟਰ ਬੌਰਨ ਬਿਮਾਰੀਆਂ ਦੇ ਕੰਟਰੋਲ ਪ੍ਰੋਗਰਾਮ ਸਬੰਧੀ ਮੀਟਿੰਗ ਹੋਈ।

ਜਗਦੀਸ਼ ਸਿੰਘ ਸਿਹਤ ਸੁਪਰਵਾਈਜ਼ਰ ਨੇ ਮੀਟਿੰਗ ਦੇ ਏਜੰਡੇ ਪੜ੍ਹੇ ਜਿਨ੍ਹਾਂ ਵਿੱਚ ਗਰਮੀ ਦੇ ਮੌਸਮ ਦੀ ਸ਼ੁਰੂਆਤ ਤੋਂ ਪਹਿਲਾਂ ਉਚੇਚੇ ਪ੍ਰਬੰਧ ਕਰਨ, ਬੀਟ ਅਨੁਸਾਰ ਟੂਰ ਕਰਨ, ਆਈ ਐੱਚ ਆਈ ਪੀ ਪੋਰਟਲ ਤੇ ਰੋਜ਼ਾਨਾ ਰਿਪੋਰਟਿੰਗ, ਮਾਈਗਰੇਟਰੀ ਅਬਾਦੀ ਦਾ ਵਿਸ਼ੇਸ਼ ਸਰਵੇ ਆਦਿ ਪ੍ਰਮੁੱਖ ਸਨ। ਐਸ ਐਮ ਓ ਡਾ. ਬਲਜੀਤ ਕੌਰ ਨੇ ਸਿਹਤ ਕਰਮਚਾਰੀਆਂ ਸੰਬੋਧਨ ਕਰਦਿਆਂ ਮਾਈਗਰੇਟਰੀ ਅਬਾਦੀ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਆਮ ਆਦਮੀ ਕਲੀਨਿਕਾਂ ਦੇ ਸਟਾਫ ਨਾਲ ਤਾਲਮੇਲ ਕਰਕੇ ਪੈਸਿਵ ਬਲੱਡ ਸਲਾਈਡਾਂ/ ਆਰ ਡੀ ਟੀ ਦਾ ਟਾਰਗੇਟ ਪੂਰਾ ਕਰਵਾਉਣ ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵੈਕਟਰ ਬੌਹਨ ਬੀਮਾਰੀਆਂ ਤੋਂ ਬਚਾਅ ਲਈ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਇਸ ਮੌਕੇ ਸਮੂਹ ਮਲਟੀਪਰਪਜ ਸਿਹਤ ਸੁਪਰਵਾਈਜ਼ਰ (ਮੇਲ) ਅਤੇ ਮਲਟੀਪਰਪਜ ਹੈਲਥ ਵਰਕਰ (ਮੇਲ) ਹਾਜ਼ਰ ਸਨ।

## ਬਚਪਨ ਦਾ ਸੰਸਾਰ

ਬੱਚਿਆਂ ਦੀ ਦੁਨੀਆਂ ਵੀ
ਬੜੀ ਹੀ ਅਜੀਬ ਹੁੰਦੀ ।
ਰਾਣੀ ਕੁਦਰਤ ਦੀ ਸਦਾ
ਉਹਨਾਂ ਦੇ ਕਰੀਬ ਹੁੰਦੀ ।
ਕੋਈ ਜਾਣੇਂ ਨਾ ਆਮੀਰੀ
ਕੀਹਨੂੰ ਆਖਦੇ ਨੇ ਲੋਕ ;
ਉਹ ਵੀ ਖ਼ੁਸ਼ ਜੀਹਨੂੰ ਰੱਜ
ਰੋਟੀ ਨਈਂ ਨਸੀਬ ਹੁੰਦੀ ।

**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037



## ਟੱਪੇ

ਮਹਿੰਗਾ ਹੋਈ ਜਾਂਦਾ ਸੋਨਾ ਏਂ,
ਸੋਚ ਸਮਝ ਕੇ ਲਾਇਓ ਅੱਖੀਆਂ
ਪਿੱਛੋਂ ਪੈਂਦਾ ਪਛਤਾਣਾ ਏਂ।
ਅਸੀਂ ਵੀਹਾਂ ਦੀ ਚਾਹ ਪੀਤੀ,
ਵਰ੍ਹਿਆਂ ਪਿੱਛੋਂ ਮਿਲ ਕੇ ਵੀ
ਉਸ ਨੇ ਚੱਜਦੀ ਨਾ ਗੱਲ ਕੀਤੀ।
ਮਸਾਂ ਚਿੜੀਆਂ ਦਿੱਸੀਆਂ ਨੇ,
ਖਾਲੀ ਸਾਡੀ ਜੇਬ ਵੇਖ ਕੇ
ਉਸ ਅੱਖਾਂ ਫੇਰ ਲਈਆਂ ਨੇ।
ਸਾਰਾ ਰੌਲਾ ਹੈ ਨਸੀਬਾਂ ਦਾ,
ਅਮੀਰ ਅੱਜ ਕੱਲ੍ਹ ਐਸ਼ ਕਰਦੇ
ਬੁਰਾ ਹਾਲ ਹੈ ਗਰੀਬਾਂ ਦਾ।
ਫੁੱਲ ਪਾਣੀ ਬਾਝੋਂ ਮੁਰਝਾਏ ਨੇ,
ਉਹ ਹਾਲ,ਹਾਲ ਕਰਦਾ ਫਿਰੇ
ਦਿਨ ਮਾੜੇ ਉਸ ਦੇ ਆਏ ਨੇ।
ਨਾ ਸੁੱਟੋ ਐਵੇਂ ਪਾਣੀ ਨੂੰ,
ਦੁਨੀਆਂ ਤੇ ਜਿਉਂਦੇ ਰਹਿਣ ਲਈ
ਇਸ ਦੀ ਲੋੜ ਹੈ ਹਰ ਪ੍ਰਾਣੀ ਨੂੰ।
ਪਾਣੀ ਨਾਲ ਜੱਗ ਭਰਿਆ,
ਇਹ ਕਹਿਣ ਦੀਆਂ ਗੱਲਾਂ ਨੇ
ਕਿਸੇ ਨਾਲ ਜਾਂਦਾ ਨਹੀਂ ਮਰਿਆ।



**ਮਹਿੰਦਰ ਸਿੰਘ ਮਾਨ**
**ਫੋਨ 9915803554**

## "ਨਵੇਂ ਸਾਲ ਦੀਆਂ ਨਵੀਆਂ ਸੋਚਾਂ!"

ਸਾਲ ਚੜ੍ਹੀ ਜਾਂਦਾ ਏ,
ਨਵੇਂ ਤੋਂ ਨਵਾਂਲ
ਉਮਰਾਂ ਦੇ ਵਿੱਚ ਹੋਈ ਜਾਂਦਾ ਏ ਜਮ੍ਹਾਂ....
ਸਿਰਾਂ ਉੱਤੋਂ ਘਸ ਗਏ,
ਜੁੜਾ ਅਤੇ ਗੁੱਤ ਨੇ।
ਮਾਪਿਆਂ ਦੇ ਤੁਰ ਗਏ,
ਵਿਦੇਸ਼ੀਂ ਧੀਆਂ ਪੁੱਤ ਨੇ..
ਉਮਰਾਂ ਦੇ ਕਈ ਨੇ,
ਹੰਢਾਅ ਲੇ ਘਾਲੇ ਮਾਲੇ।
ਚਿੱਟੇ ਦੁੱਧ ਹੋਗੇ ਸਾਰੇ,
ਵਾਲ਼ ਕਾਲੇ ਕਾਲੇ....
ਵਰ੍ਹਿਆਂ ਦਾ ਪੈਂਡਾ,
ਛੇਵਾਂ ਸੱਤਵਾਂ ਦਹਾਕਾ।
ਮਹਿਫਲਾਂ ਚੋਂ ਲੱਭਦਾ ਨ੍ਹੀਂ,
ਪਹਿਲਾਂ ਵਾਲਾ ਓਹ ਠਹਾਕਾ.....
ਬਹੁਤੀ ਲੰਘ ਚੱਲੀ,
ਬਾਕੀ ਸਾਲ ਥੋੜ੍ਹੇ ਨੇ।
ਸੱਜਣ ਪਿਆਰੇ ਕਈ,
ਦੰਦੋਂ ਜਾੜ੍ਹੋਂ ਬੋੜੇ ਨੇ.....
ਕਈ ਤਾਂ ਵਿਆਹ ਕੇ ਬੱਚੇ,
ਹੋ ਗਏ  ਵਿਹਲੇ ਜੀ!
ਘੁੰਮਦੇ ਨੇ ਲੈ ਕੇ,
ਪੋਤੇ ਪੋਤੀਆਂ ਦੇ ਠੇਲੇ ਜੀ.......
 ਰਜਾਈ ਵਿੱਚ ਮੂੰਹ,
ਪੜਚੋਲਾਂ ਗੋਂਦਾਂ ਗੁੰਦਾਂ ਜੀ!
ਕੱਲ੍ਹ ਦੀਆਂ ਗੱਲਾਂ,ਮੈਂ ਵੀ ਹੁੰਦਾ ਮੁੰਡਾ ਜੀ....
ਉਹ ਵੀ ਮੇਰਾ,ਆਹ ਵੀ ਮੇਰਾ,
ਲਾਲਸਾ ਪ੍ਰਾਪਤੀ ਦੀ।
ਸੌ ਗਜ ਸਿਰੇ ਗੰਢ,
ਉਮਰ ਸਮਾਪਤੀ ਦੀ..
ਚੰਗੇ ਕੰਮਾਂ ਨਾਲ਼ ਰਹਿਣੀ,
ਲੋਕਾਂ ਵਿੱਚ ਯਾਦ ਵੀ।
ਘਾਟ ਪੂਰੀ ਹੋਣੀ ਨਹੀਂਓ,
ਤੇਰੇ ਜਾਣ ਬਾਅਦ ਵੀ..
ਆਪਣੇ ਤੇ ਨੌਜਵਾਨੋ,
ਕਰੋ ਮਿਹਰਬਾਨੀਆਂ।
ਆਹ ਲਓ ਸਾਂਭੋ ਵਿਰਸਾ,
ਮਾਂ-ਬੋਲੀ ਤੇ ਜਵਾਨੀਆਂ......
ਚਿੱਟੇ ਕਾਲ਼ੇ ਨਸ਼ਿਆਂ ਦਾ,
ਕੋਹੜ ਦਿਉ ਧੋਅ ਬਈ!
ਚੁਫੇਰੇ ਖੁਸ਼ਬੂ ਫੈਲੇ,
ਆਵੇ ਨਾ ਭੈੜੀ ਬੋਅ ਬਈ .....
ਅਲਵਿਦਾ -24 ਨੂੰ,
ਮੁਬਾਰਕਾਂ ਨੇ 25 ਨੂੰ।
"ਸਿੱਧੂਆ"ਸਲੂਟ ਮਾਰਾਂ,
ਤੇਰੀ ਗ਼ੱਲ ਸੱਚੀ ਨੂੰ।

**ਗੁਰਮੇਲ ਸਿੰਘ ਸਿੱਧੂ ਚੰਡੀਗੜ੍ਹ,**
**੯੫੯੨੧੯੨੧੧੧**

## ਪਾਣੀ

ਰੁਤਬਾ ਪਾਣੀ ਦਾ ਜੱਗ ਵਿੱਚ ਹੈ ਬਹੁਤ ਮਹਾਨ
ਗੁਰੂ ਸਾਹਿਬ ਨੇ ਬਖਸ਼ਿਆਂ ਬਾਣੀ ਵਿੱਚ ਸਨਮਾਨ ।
ਬ੍ਰਹਿਮੰਡ ਦੇ ਪਹਿਲੇ ਜੀਵਾਂ ਨੂੰ ਪਾਣੀ ਰਾਹੀ ਮਿਲੇ ਪ੍ਰਾਣ
ਸ਼ਾਤ ਸੁਭਾਅ ਵਿੱਚ ਗੈਰਤ ਅਣਖ ਦਾ ਦਿੰਦੇ ਗਿਆਨ॥
ਅਜਾਈ ਗੁਆ ਕਦਰ ਘਟਾ ਨਾ ਬਣੀਏ ਵਿਦਵਾਨ
ਪਾਣੀ ਕੰਢਿਆਂ ਹੀ ਰਿਖੀਆਂ ਲਾਇਆਂ ਧਿਆਨ॥
ਪਾਣੀ ਹੀ ਪਰਮ ਪਿਤਾ ਗੁਰੂ ਸਾਹਿਬ ਦਿੱਤਾ ਫੁਰਮਾਨ
ਸੰਜਮ ਨਾਲ ਵਰਤ ਕੇ ਬਣ ਰੱਬ ਦਾ ਚੰਗਾ ਇਨਸਾਨ।
ਪਾਣੀ ਨਾਲ ਹੀ ਅੰਨ ਉਪਜੇ ਆਖੇ ਮਿਹਨਤੀ ਕਿਸਾਨ
ਜੇ ਨਾ ਸਾਂਭਿਆ ਪਾਣੀ ਜੀਵਾਂ ਦਾ ਨਾ ਮਿਲਣਾ ਨਿਸ਼ਾਨ॥
ਅਜੇ ਵੇਲਾ ਹੰਭਲਾ ਮਾਰ ਤੇ ਪਾਣੀ ਨੂੰ ਦੇ ਵੱਡਮੁੱਲੀ ਪਹਿਚਾਣ
ਪਾਣੀ ਖਾਤਿਰ ਹੀ ਦੁਨੀਆਂ ਵਿੱਚ ਮੱਚਣਾ ਖੂਨੀ ਘਮਾਸਾਨ ।
ਸ਼ਬਦਾਂ ਦੇ ਅੰਬਰਾਂ ਵਿੱਚ ਮਨ ਸੇਧ ਕੇ ਲਾਈ ਉੱਚੀ ਉਡਾਨ
ਲਿਖ ਕਵਿਤਾ ਐਸ ਪੀ ਨੇ ਪਾਣੀ ਨੂੰ ਨਿਵਾਜਿਆ ਮਾਨ॥

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**



## ਵਰੇਗੰਢ ਮੁਬਾਰਕ



**ਸੇਵਾ ਮੁੱਕਤ ਪੀ ਟੀ ਆਈ ਅਧਿਆਪਕ ਸ. ਭਗਵੰਤ ਸਿੰਘ ਜੱਬਲ ਅਤੇ ਸ਼੍ਰੀਮਤੀ ਕੁਲਵਿੰਦਰ ਕੌਰ ਜੱਬਲ ਵਾਸੀ ਮਹੱਲਾ ਭਾਈਕਾ ਮਹਿਤਪੁਰ  ਨੇ ਆਪਣੇ ਵਿਆਹ ਦੀ 37ਵੀਂ ਵਰ੍ਹੇਗੰਢ  ਮਨਾਈ। ਸਨੇਹੀਆਂ ਵੱਲੋਂ ਜੋੜੀ ਨੂੰ ਵਰੇਗੰਡ ਦੀਆਂ ਬਹੁਤ ਬਹੁਤ ਮੁਬਾਰਕਾਂ ।**

# ਬਾਬਾ ਸਾਹਿਬ ਡਾ.ਅੰਬੇਡਕਰ ਦੇ ਬੁੱਤ ਦੀ ਹੋਈ ਬੇਅਦਬੀ ਦੀ ਘਟਨਾ ਤੇ ਰਾਮ ਸਿੰਘ ਮੈਂਗੜਾ ਵਲੋਂ ਸਖ਼ਤ ਸ਼ਬਦਾਂ ਵਿੱਚ ਕੀਤੀ ਗਈ ਨਿਖੇਧੀ

**ਸਮਾਜ ਵੀਕਲੀ ਯੂ ਕੇ-**
ਅਮ੍ਰਿਤਸਰ ਸਾਹਿਬ 26 ਜਨਵਰੀ ਨੂੰ ਇਕ ਫ਼ਿਰਕਾਪ੍ਰਸਤੀ ਵਲੋਂ ਬਾਬਾ ਸਾਹਿਬ ਅੰਬੇਡਕਰ ਜੀ ਦੇ ਬੁੱਤ ਨੂੰ ਹਥੌੜੇ ਨਾਲ ਤੋੜਨ ਦੀ ਕੋਸ਼ਿਸ਼ ਕੀਤੀ ਗਈ ਬਹੁਤ ਮੰਦਭਾਗੀ ਖਬਰ ਹੈ। ਅਜਿਹੇ ਲੋਕ ਦੇਸ਼ ਦੀ ਏਕਤਾ ਅਖੰਡਤਾ ਆਪਸੀ ਭਾਈ ਚਾਰਕ ਸਾਂਝ ਲਈ ਘਾਤਕ ਨੇ ਤੇ ਨਫ਼ਰਤ ਦੇ ਬੀਜ ਬੋ ਰਹੇ ਹਨ। ਮੌਜੂਦਾ ਸਰਕਾਰ ਪ੍ਰਸ਼ਾਸਨ ਨੂੰ ਚਾਹੀਦਾ ਹੈ ਅਜਿਹੇ ਪਸ਼ੂ ਬਿਰਤੀ ਦੇ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ, ਤਾ ਜੋ ਆਉਣ ਵਾਲੇ ਸਮੇਂ ਵਿੱਚ ਹੋਰ ਕੋਈ ਇਹੋ ਜਿਹੀ ਘਟਨਾ ਨੂੰ ਅੰਜਾਮ ਨਾ ਦੇ ਸਕੇ। ਵਿਚਾਰਨ ਵਾਲੀ ਗੱਲ ਇਹ ਹੈ ਇਸ ਫ਼ਿਰਕਾਪ੍ਰਸਤੀ ਮਹਾਂਮੂਰਖ ਨੇ ਇਸ ਘਟਨਾ ਨੂੰ ਅੰਜਾਮ ਕਿਸ ਦੇ ਕਹਿਣ ਤੇ ਦਿੱਤਾ ਇਸ ਦੇ ਮਗਰ ਕਿਹੜੇ ਲੋਕ ਹਨ ਉਹਨਾਂ ਨੂੰ ਵੀ ਸਾਹਮਣੇ ਲਿਆਂਦਾ ਜਾਣਾ ਚਾਹੀਦਾ। ਦੇਖੋ ਅੱਗ ਲਾਉਣੀ ਪੌੜੀ ਦਾ ਉੱਥੇ ਆਉਣਾ ਇਹ ਇੱਕ ਗਿਣੀ ਮਿਥੀ ਸਾਜਸ਼ ਦੇ ਅਧੀਨ ਹੀ ਹੋਇਆ ਹੈ। ਅਸੀ ਇਹਨਾਂ ਸ਼ਰਾਰਤੀ ਅਨਸਰਾਂ ਨੂੰ ਸਖ਼ਤੀ ਨਾਲ ਦੱਸ ਦੇਣਾ ਚਾਹੁੰਦੇ ਹਾਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਬੁੱਤਾਂ ਦੇ ਨਾਲ ਜੋ ਵੀ ਛੇੜ ਛਾੜ ਕਰੇਗਾ ਉਹ ਕਦੀ ਵੀ ਬਖਸ਼ਿਆ ਨਹੀਂ ਜਾਵੇਗਾ। ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਅਪਮਾਨ ਅਸੀਂ ਕਦੀ ਵੀ ਸਹਿਣ ਨਹੀਂ ਕਰਾਂਗੇ।
ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਨਾਲ ਛੇੜਖਾਨੀ ਕਰਕੇ ਵਾਪਰੀ ਇਸ ਘਟਨਾ ਨਾਲ ਲੋਕਾਂ ਦੇ ਮੰਨਾਂ ਵਿੱਚ ਬਹੁਤ ਰੋਸ ਹੈ, ਮੈਂ ਇਸ ਬੇਅਦਬੀ ਨੂੰ ਨਾਂ ਸਹਾਰਦੇ ਹੋਏ, ਸਖਤ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ। ਇਸ ਘਟਨਾ ਨਾਲ ਦੇਸ਼-ਵਿਦੇਸ਼ ਵਿੱਚ ਵੱਸਦੇ ਬਾਬਾ ਸਾਹਿਬ ਜੀ ਦੇ ਕਰੋੜਾਂ ਪੈਰੋਕਾਰਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ, ਜੋ ਕਿ ਨਾਕਾਬਿਲੇ ਬਰਦਾਸ਼ਤ ਹੈ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਦੋਸ਼ੀਆਂ ਦੀ ਜਲਦੀ ਤੋਂ ਜਲਦੀ ਪਹਿਚਾਨ ਕਰਕੇ ਉਨ੍ਹਾਂ ਨੂੰ ਜੇਲ ਵਿੱਚ ਡੱਕ ਕੇ ਬਹੁਜਨ ਸਮਾਜ ਨਾਲ ਇਨਸਾਫ਼ ਕਰੇ। ਅਸੀ ਪ੍ਰਸ਼ਾਸਨ ਨੂੰ ਇਸ ਮਾਮਲੇ ਵਿੱਚ ਸਖਤ ਤੋਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਇਹ ਘਟਨਾ ਪੰਜਾਬ ਦੀ ਆਪ ਸਰਕਾਰ ਦੀ ਕਾਨੂੰਨ ਵਿਵਸਥਾ ਪੱਧਰ 'ਤੇ ਫੇਲ੍ਹ ਕਾਰਗੁਜ਼ਾਰੀ ਨੂੰ ਦਰਸਾਉਂਦੀ ਹੈ। ਆਪ


ਰਾਮ ਸਿੰਘ ਮੈਂਗੜਾ

ਸਰਕਾਰ ਦੇ ਰਾਜ ਵਿੱਚ ਸੂਬੇ ਦੇ ਮਾੜੇ ਹਾਲਾਤਾਂ ਕਾਰਨ ਹੀ ਇਸ ਤਰ੍ਹਾਂ ਦੀਆਂ ਘਟਨਾਵਾਂ ਹੋ ਰਹੀਆਂ ਹਨ। ਜਿਸ ਉੱਪਰ ਧਿਆਨ ਦੇਣ ਦੀ ਬਹੁਤ ਸਖ਼ਤ ਲੋੜ ਹੈ। ਸਾਡੇ ਦੇਖਣ ਵਿੱਚ ਆਈਆਂ ਕਿ ਇਸ ਘਟਨਾ ਦੇ ਘਟਦੇ ਸਾਰ ਹੀ ਉੱਥੋਂ ਦੇ ਲੋਕ ਤੁਰੰਤ ਹਰਕਤ ਵਿੱਚ ਆਏ ਤੇ ਉਨ੍ਹਾਂ ਨੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਮਿਲ ਕੇ ਇਸ ਮਾਮਲੇ ਵਿੱਚ ਸਖਤ ਕਾਰਵਾਈ ਕਰਨ ਲਈ ਮੰਗ ਕੀਤੀ ਹੈ। ਤਾਂ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ। ਵੈਸੇ ਇਹ ਘਟਨਾ ਸ਼ਰਾਰਤੀ ਅਨਸਰਾਂ ਵੱਲੋਂ, ਸੂਬੇ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਵੀ ਹੋ ਸਕਦੀ ਹੈ, ਜਿਸਨੂੰ ਸਮਝਣ ਦੀ ਵੀ ਲੋੜ ਹੈ। ਪੁਲਿਸ ਪ੍ਰਸ਼ਾਸ਼ਨ ਨੂੰ ਚਾਹੀਦਾ ਹੈ ਉਹ, ਜਿੱਥੇ, ਇਨ੍ਹਾਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰੇ, ਉੱਥੇ ਹੀ ਇਸ ਘਟਨਾ ਵਿੱਚ ਹੱਲਾਸ਼ੇਰੀ ਦੇਣ ਵਾਲੇ ਲੋਕਾਂ ਨੂੰ ਵੀ ਉਜਾਗਰ ਕਰੇ ਤੇ ਉਨ੍ਹਾਂ ਖਿਲਾਫ ਸਖਤ ਐਕਸ਼ਨ ਲਵੇ।
ਇਸ ਘਟਨਾ ਦੇ ਸਬੰਧ ਵਿੱਚ ਪ੍ਰਸ਼ਾਸਨ ਨੂੰ ਅਲਰਟ ਹੋਣ ਦੀ ਲੋੜ ਹੈ। ਇਸ ਲਈ ਇਹ ਵੀ ਜ਼ਰੂਰੀ ਹੈ ਕਿ ਪੰਜਾਬ ਦਾ ਪ੍ਰਸ਼ਾਸਨ ਪੂਰੇ ਸੂਬੇ ਵਿੱਚ ਬਾਬਾ ਸਾਹਿਬ ਦੇ ਬੁੱਤਾਂ ਨੂੰ ਸੁਰੱਖਿਅਤ ਕਰਨ ਦੀ ਬਹੁਜਨ ਸਮਾਜ ਨੂੰ ਗਰੰਟੀ ਦੇਵੇ। ਅਜਿਹੀਆਂ ਤਾਕਤਾਂ ਜੋ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਮਾਹੌਲ ਖਰਾਬ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਦੇਸ਼ ਦੇ ਨਿਰਮਾਣ ਤੇ ਵਿਕਾਸ ਵਿੱਚ ਵਿਸ਼ੇਸ਼ ਜਿਹੜਾ ਯੋਗਦਾਨ ਹੈ ਉਸਨੂੰ ਭੁੱਲਣਾ ਨਹੀਂ ਚਾਹੀਦਾ।

# ਅਰਧ-ਬੇਹੋਸ਼ੀ ਦੀ ਹਾਲਤ 'ਚ ਖੁੱਲ੍ਹੇ ਅਸਮਾਨ ਥੱਲੇ ਰਾਤਾਂ ਕੱਟ ਰਹੇ ਬਜ਼ੁਰਗ ਨੂੰ ਸਰਾਭਾ ਆਸ਼ਰਮ ਨੇ ਸੰਭਾਲਿਆ

**ਸਮਾਜ ਵੀਕਲੀ ਯੂ ਕੇ-**
22 ਜਨਵਰੀ ਦਾ ਹੀ ਵਾਕਿਆ ਹੈ ਕਿ ਰਜ਼ਨੀਸ਼ ਕੁਮਾਰ ਨਾਮ ਦਾ 80 ਸਾਲਾ ਬਜ਼ੁਰਗ ਲੁਧਿਆਣੇ ਦੇ ਫੁਹਾਰਾ ਚੌਕ ਨਜ਼ਦੀਕ ਸੀਮੈਟਰੀ ਰੋਡ 'ਤੇ ਪਾਰਕ ਦੇ ਬਾਹਰ ਅਰਧ-ਬੇਹੋਸ਼ੀ ਦੀ ਹਾਲਤ ਵਿੱਚ ਬਿਮਾਰ ਪਿਆ ਸੀ। ਇਸਦੀ ਦੀ ਹਾਲਤ ਇੰਨੀ ਤਰਸਯੋਗ ਸੀ ਕਿ ਢਿੱਡੋਂ ਭੁੱਖੇ, ਤਨ 'ਤੇ ਮੈਲ ਨਾਲ਼ੇ ਭਰੇ ਹੋਏ ਕੱਪੜੇ, ਉੱਪਰੋਂ ਸਰਦੀ ਤੇ ਬਿਮਾਰੀ ਨਾਲ ਤੜਫ ਰਿਹਾ ਸੀ ਅਤੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕੀਤਾ ਹੋਇਆ ਸੀ । ਉੱਥੋਂ ਲੰਘ ਰਹੀ ਪੂਜਾ ਨਾਮ ਦੀ ਲੜਕੀ ਨੂੰ ਇਸ ਨੂੰ ਦੇਖ ਕੇ ਤਰਸ ਆਇਆ ਅਤੇ ਉਸ ਨੇ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿਖੇ ਫੋਨ ਕੀਤਾ । ਆਸ਼ਰਮ ਦੇ ਫਾਉਂਡਰ ਡਾ. ਨੌਰੰਗ ਸਿੰਘ ਮਾਂਗਟ ਫੋਨ ਸੁਣਕੇ ਤੁਰੰਤ ਹੀ ਮਰੀਜ਼ ਨੂੰ ਲੈਣ ਲਈ ਲੁਧਿਆਣੇ ਪਹੁੰਚ ਗਏ। ਉੱਥੇ ਜਾ ਕੇ ਮਰੀਜ਼ ਨੂੰ ਚੁੱਕ ਕੇ ਆਸ਼ਰਮ ਦੀ ਵੈਨ ਵਿੱਚ ਪਾਇਆ, ਮੌਕੇ ਤੇ ਬਣਦੀ ਮੈਡੀਕਲ ਸਹਾਇਤਾ ਦਿੱਤੀ ਅਤੇ ਫਿਰ ਆਸ਼ਰਮ ਵਿਖੇ ਲੈ ਆਏ। ਆਸ਼ਰਮ ਵਿੱਚ ਪਹੁੰਚਣ ਤੋਂ ਬਾਅਦ ਸੇਵਾਦਾਰਾਂ ਵੱਲੋਂ ਇਸ ਨੂੰ ਇਸ਼ਨਾਨ ਕਰਵਾਇਆ ਗਿਆ, ਪ੍ਰਸ਼ਾਦਾ-ਪਾਣੀ ਛਕਾਇਆ ਗਿਆ । ਜਦੋਂ ਕੁਝ ਹੋਸ਼ ਆਈ ਤਾਂ ਇਸ ਨਾਲ ਗੱਲ-ਬਾਤ ਕੀਤੀ ਗਈ। ਇਸਨੇ ਦੱਸਿਆ ਕਿ ਇਹ ਜੰਮੂ ਦਾ ਰਹਿਣ ਵਾਲਾ ਹੈ, ਦਸ ਸਾਲ ਦੀ ਉਮਰ ਵਿੱਚ ਹੀ ਘਰੋਂ ਨਿਕਲ ਆਇਆ ਸੀ। ਮਾਤਾ-ਪਿਤਾ ਦੀ ਮੌਤ ਹੋ ਗਈ, ਭੈਣ ਭਰਾ ਦਾ ਕੁੱਝ ਪਤਾ ਨਹੀ। ਬਚਪਨ ਅੰਮ੍ਰਿਤਸਰ ਦੀਆਂ ਸੜਕਾਂ ਤੇ ਰੋਟੀ-ਪਾਣੀ ਮੰਗ ਕੇ ਬੀਤਿਆ। ਫਿਰ ਘੁੰਮਦਾ-ਘੁੰਮਾਉਦਾਂ ਕਾਨ੍ਹਪੁਰ ਨਿਕਲ ਗਿਆ, ਉੱਥੇ 24 ਸਾਲ ਟਰੱਕ ਚਲਾ ਕੇ ਗੁਜਾਰਾ ਕਰਦਾ ਰਿਹਾ। ਇੱਕ ਦਿਨ ਅਚਾਨਕ ਅੱਖ ਵਿੱਚ ਸੱਟ ਲੱਗ ਗਈ ਤੇ ਇਲਾਜ ਲਈ ਲੁਧਿਆਣੇ ਆ ਗਿਆ, ਇਲਾਜ ਕਰਵਾਇਆ ਅਤੇ ਇੱਥੇ ਹੀ ਰਹਿ ਕੇ ਟੈਗੋਰ ਨਗਰ ਵਿੱਚ ਰਿਕਸ਼ਾ ਚਲਾਇਆ, ਵੇਟਰ ਦਾ ਕੰਮ ਵੀ


ਰਜ਼ਨੀਸ਼ ਕੁਮਾਰ ਨੂੰ ਫੁੱਟਪਾਥ ਤੋਂ ਚੁੱਕਦੇ ਹੋਏ ਡ. ਨੌਰੰਗ ਸਿੰਘ ਮਾਂਗਟ ਤੇ ਸੇਵਾਦਾਰ

ਕੀਤਾ। ਪਰ ਜਿੰਦਗੀ ਵਿੱਚ ਕਾਮਯਾਬ ਨਹੀ ਹੋ ਸਕਿਆ ਬਸ ਸੜਕਾਂ ਤੇ ਰੁਲਣ ਜੋਗਾ ਹੀ ਰਹਿ ਗਿਆ। ਹੁਣ ਤਕਰੀਬਨ 7-8 ਮਹੀਨੀਆਂ ਤੋਂ ਬਿਮਾਰੀ ਨੇ ਘੇਰ ਲਿਆ ਅਤੇ ਕੰਮ ਕਰਨ ਦੀ ਹਿੰਮਤ ਨਾ ਰਹੀ, ਮੰਗ ਕੇ ਖਾਣ ਲਈ ਮਜਬੂਰ ਹੋ ਗਿਆ । ਮੈਂ ਕਦੇ ਡੰਡੀ ਸੁਵਾਮੀ ਮੰਦਿਰ ਦੇ ਬਾਹਰ ਤੇ ਕਦੇ ਪਾਰਕਾਂ ਦੇ ਬਾਹਰ ਸੌਂ ਕੇ ਗੁਜ਼ਾਰਾ ਕਰਦਾ ਸੀ। ਹੁਣ ਇਹ ਆਉਣ ਵਾਲੀ ਜਿੰਦਗੀ ਸਰਾਭਾ ਆਸ਼ਰਮ ਵਿੱਚ ਬਤੀਤ ਕਰੇਗਾ। ਇੱਥੇ ਇਸਨੂੰ ਮੈਡੀਕਲ ਸਹਾਇਤਾ, ਮੰਜਾ-ਬਿਸਤਰਾ ਅਤੇ ਜਰੂਰਤ ਦਾ ਸਾਰਾ ਸਮਾਨ ਮੁਹੱਈਆ ਕਰਵਾਇਆ ਜਾਵੇਗਾ ਤਾਂ ਜੋ ਆਉਣ ਵਾਲੀ ਜਿੰਦਗੀ ਵਧੀਆ ਬਤੀਤ ਕਰ ਸਕੇ। ਇਸ ਸੰਸਥਾ ਦੇ ਬਾਨੀ ਪੀ.ਏ.ਯੂ. ਦੇ ਰਿਟ. ਪ੍ਰੋਫ਼ੈਸਰ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਨ੍ਹਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ।
ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਸੰਪਰਕ: ਮੋਬਾਇਲ 95018-42506; 95018-42505.


# ਜਰਖੜ ਖੇਡਾਂ ਤੇ ਨਾਮੀ ਕਲਾਕਾਰਾਂ ਦਾ ਲੱਗੇਗਾ ਖੁੱਲਾ ਅਖਾੜਾ

## 37ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 7 ਤੋਂ 9 ਫਰਵਰੀ ਤੱਕ

**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** 37ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ 7 ਤੋਂ 9 ਫਰਵਰੀ ਤੱਕ 6 ਕਰੋੜ ਦੀ ਲਾਗਤ ਨਾਲ ਬਣੇ ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਵਿਖੇ ਹੋਣਗੀਆ। ਉਸਦੇ ਵੱਖ-ਵੱਖ ਖੇਡਾਂ ਵਿੱਚ ਜੇਤੂ ਖਿਡਾਰੀਆਂ ਨੂੰ ਏਵਨ ਸਾਈਕਲ ਕੰਪਨੀ 50 ਸਾਇਕਲ ਦੇਵੇਗੀ ।ਇਸ ਸਬੰਧੀ ਏਵਨ ਸਾਈਕਲ ਕੰਪਨੀ ਦੇ ਮਾਲਕ ਓਂਕਾਰ ਸਿੰਘ ਪਾਹਵਾ ਨੇ ਦੱਸਿਆ ਕਿ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ ਨੇ ਦੁਨੀਆ ਭਰ ਵਿੱਚ ਨਾਮਣਾ ਖੱਟਿਆ ਹੈ । ਇਸ ਕਰਕੇ ਏਵਨ ਸਾਈਕਲ ਕੰਪਨੀ ਹਰ ਸਾਲ ਖਿਡਾਰੀਆਂ ਦਾ ਹੌਸਲਾ ਵਧਾਉਣ ਲਈ ਜੇਤੂ ਖਿਡਾਰੀਆਂ ਨੂੰ ਵੱਡੇ ਪੱਧਰ ਤੇ ਸਾਈਕਲ ਇਨਾਮ ਵਜੋਂ ਦਿੰਦੀ ਹੈ । ਜਰਖੜ ਖੇਡਾਂ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਏਗਾ । ਜਿਸ ਵਿੱਚ ਇਲਾਕੇ ਦੇ ਸਕੂਲਾਂ ਦੇ ਬੱਚੇ ਵੱਡੇ ਪੱਧਰ ਤੇ ਸ਼ਿਰਕਤ ਕਰਨਗੇ ਬੱਚਿਆਂ ਦਾ ਮਾਰਸ ਪਾਸਟ ਅਤੇ ਹੋਰ ਸੱਭਿਆਚਾਰਕ ਬਨਗੀਆਂ ਮੁੱਖ ਖਿੱਚ ਦਾ ਕੇਂਦਰ ਹੋਣਗੀਆਂ। ਚੈਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਨਾਮੀ ਗਾਇਕ ਜੈਜੀ ਬੀ , ਗਿੱਲ ਹਰਦੀਪ, ਨਿਰਮਲ ਸਿੱਧੂ ਯੂ ਕੇ, ਕਮਲ ਗਰੇਵਾਲ, ਨੀਟੂ ਸਟਰਾਂ ਵਾਲਾ ਅਤੇ ਹੋਰ ਗਾਇਕਾਂ ਦਾ ਸੱਭਿਆਚਾਰਕ ਅਖਾੜਾ ਲੱਗੇਗਾ। ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੀ ਇਕ ਜਰੂਰੀ ਮੀਟਿੰਗ ਚੇਅਰਮੈਨ ਨਰਿੰਦਰਪਾਲ ਸਿੰਘ



ਸਿੱਧੂ ਦੀ ਪ੍ਰਧਾਨਗੀ ਹੇਠ ਜਰਖੜ ਸਟੇਡੀਅਮ ਵਿਖੇ ਹੋਈ । ਮੀਟਿੰਗ ਵਿੱਚ ਜਰਖੜ ਖੇਡਾਂ ਦੀਆਂ ਤਿਆਰੀਆਂ ਦਾ ਜਾਇਜਾ ਲਿਆ ਗਿਆ। ਉਹਨਾਂ ਦੱਸਿਆ ਕਿ ਏਵਨ ਸਾਈਕਲ ਕੰਪਨੀ ਤੋਂ ਇਲ-ਾਵਾ ਕੋਕਾ ਕੋਲਾ, ਇਨਫੀਲਡ ਮੋਟਰ ਸਾਈਕਲ, ਡਾਬਰ ਕੰਪਨੀ, ਸਿਟੀ ਯੂਨੀਵਰਸਿਟੀ ਅਤੇ ਹੋਰ ਕਾਰਪੋਰੇਟ ਹਾਊਸ ਜਰਖੜ ਖੇਡਾ ਨੂੰ ਦੇ ਸਪੌਂਸਰ ਹੋਣਗੇ। ਮੀਟਿੰਗ ਦੇ



ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ , ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਹਾਕੀ ਮੁੰਡੇ ਤੇ ਕੁੜੀਆਂ, ਹਾਕੀ ਸਬ ਜੂਨੀਅਰ ਮੁੰਡੇ 15 ਸਾਲ ਵਰਗ ਦੇ ਮੁਕਾਬਲੇ ਹੋਣਗੇ ਕਬੱਡੀ ਪ੍ਰਮੋਟਰ ਤੇ ਜਰਖੜ ਖੇਡਾਂ ਦੇ ਐਨਆਰਆਈ ਵਿੰਗ ਦੇ ਮੁਖੀ ਮੋਹਣ ਜੋਧਾ ਸਿਆਟਲ ਨੇ ਦੱਸਿਆ ਕਿ ਕਬੱਡੀ ਨਾਇਬ ਸਿੰਘ



ਗਰੇਵਾਲ ਕਬੱਡੀ ਕੱਪ ਜਿਸ ਵਿੱਚ ਨਾਮੀ 20 ਟੀਮਾਂ ਹਿੱਸਾ ਲੈਣਗੀਆਂ ਜਿਸਦੇ ਮੈਚ 8 ਅਤੇ 9 ਫਰਵਰੀ ਨੂੰ ਕਬੱਡੀ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ । ਇਸ ਤੋਂ ਇਲਾਵਾ ਅਮਰਜੀਤ ਸਿੰਘ ਗਰੇਵਾਲ ਵਾਲੀਵਾਲ ਕਪ ਤੋਂ ਇਲਾਵਾ ਵੱਖ ਵੱਖ ਸਕੂਲਾਂ ਨਾਲ ਸੰਬੰਧਿਤ ਖੇਡਾਂ ਜਿਨਾਂ ਵਿੱਚ ਰੱਸਾਕਸੀ, ਸਕੂਲੀ ਕਬੱਡੀ ਅਤੇ ਹੋਰ ਖੇਡਾਂ ਦੇ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ। ਇਸਤੋਂ ਇਲਾਵਾ ਜਰਖੜ ਖੇਡਾਂ ਦੇ ਫਾਈਨਲ ਸਮਰੋਹ ਤੇ ਖੇਡ ਜਗਤ ਅਤੇ ਸਮਾਜ ਸੇਵੀ ਉੱਘੀਆਂ ਪੰਜ ਸ਼ਖਸੀਅਤਾਂ ਦਾ ਵਿਸ਼ੇਸ਼ ਅਵਾਰਡਾਂ ਨਾਲ ਸਨਮਾਨ ਹੋਵੇਗਾ। ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਇੰਸਪੈਕਟਰ ਬਲਵੀਰ ਸਿੰਘ ਹੀਰ,ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ , ਸਰਪੰਚ ਸੰਦੀਪ ਸਿੰਘ ਜਰਖੜ,ਹਰਨੇਕ ਸਿੰਘ ਭੱਪ , ਨਰਾਇਣ ਸਿੰਘ ਗਰੇਵਾਲ ਆਸਟਰੇਲੀਆ, ਮਨਜਿੰਦਰ ਸਿੰਘ ਇਆਲੀ,ਹੁਕਮ ਸਿੰਘ ਗੁਰੂ ਨਾਨਕ ਕਾਰ ਬਜ਼ਾਰ,ਤਜਿੰਦਰ ਸਿੰਘ ਜਰਖੜ , ਪ੍ਰੋ ਰਾਜਿੰਦਰ ਸਿੰਘ ਖ਼ਾਲਸਾ ਕਾਲਜ,ਸ਼ਿੰਗਾਰਾ ਸਿੰਘ ਜਰਖੜ ,ਗੁਰ ਸਤਿੰਦਰ ਸਿੰਘ ਪ੍ਰਗਟ ਐਡਵੋਕੇਟ ਸਮਿਤ ਸਿੰਘ, ਜਸਮੇਲ ਸਿੰਘ ਨੌਕਵਾਲ,ਰਜਿੰਦਰ ਸਿੰਘ ਜਰਖੜ ,ਸਾਹਿਬ ਜੀਤ ਸਿੰਘ ਸਾਬੀ ਜਰਖੜ, ਪਰਮਜੀਤ ਸਿੰਘ ਪੰਮਾ ਕੋਚ ਗੁਰਤੇਜ ਸਿੰਘ ਬਾਕਸਿੰਗ ਕੋਚ ਅਤੇ ਹੋਰ ਸਖਸੀਅਤਾਂ ਹਾਜ਼ਰ ਸਨ।

# ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਨੇ ਸੰਤ ਨਿਰੰਜਨ ਦਾਸ ਜੀ ਦਾ ਮਨਾਇਆ ਜਨਮ ਦਿਹਾੜਾ

## ਸਮਾਜ ਦੀ ਪੀ ਐਚ ਡੀ ਬੇਟੀ ਡਾ.ਸੀਮਾ ਮਾਹੀ ਤੇ ਡਾ.ਐਨ ਮਰਫੀ ਦਾ ਸਨਮਾਨ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**-ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਸਰੀ ਵੈਨਕੂਵਰ ਵਲੋਂ ਇਕ ਵਿਸ਼ੇਸ਼ ਸਮਾਗਮ ਰਚਾ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸ਼੍ਰੀਮਾਨ ਸੰਤ ਨਿਰੰਜਨ ਦਾਸ ਜੀ ਦਾ ਜਨਮ ਦਿਨ ਸਮੁੱਚੀ ਸਾਧ ਸੰਗਤ ਵਲੋਂ ਮਨਾਇਆ ਗਿਆ । ਇਸ ਤੋਂ ਪਹਿਲਾਂ ਸ਼੍ਰੀ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ ਦੇ ਜਾਪ ਕੀਤੇ ਗਏ। ਜਿਸ ਵਿੱਚ ਪਾਠ ਦੀ ਸੇਵਾ ਸਤਿਕਾਰਯੋਗ ਰਾਮ ਪ੍ਰਕਾਸ਼ ਭੱਟੀ ਜੀ ਨੇ ਨਿਭਾਈ । ਸਰਬੱਤ ਸੰਗਤ ਨੇ ਸ਼੍ਰੀਮਾਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਦੀ ਲੰਬੀ ਉਮਰ ਤੰਦਰੁਸਤੀ ਅਤੇ ਸਮਾਜ ਦੀ ਸੇਵਾ ਦੀ ਕਾਮਨਾ ਕਰਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਟਰੱਸਟ ਦੇ ਕਨਵੀਨਰ ਸ਼੍ਰੀਮਾਨ ਵਰਿੰਦਰ ਬੰਗੜ ਜੀ ਨੇ ਟਰੱਸਟ ਦੀਆਂ ਚੱਲ ਰਹੀਆਂ ਸੇਵਾਵਾਂ ਸਬੰਧੀ ਸੰਗਤ ਨੂੰ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਵਿਸ਼ੇਸ਼



ਤੌਰ ਤੇ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਡਾ. ਐਨ ਮਰਫੀ ਅਤੇ ਡਾ. ਸੀਮਾ ਮਾਹੀ ਸਮਾਗਮ ਵਿੱਚ ਹਾਜ਼ਰ ਹੋਏ, ਜਿਨ੍ਹਾਂ ਨੂੰ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਦੇ ਸਮੂਹ ਅਹੁਦੇਦਾਰਾਂ ਵਲੋਂ ਵਿਸ਼ੇਸ਼ ਤੌਰ ਤੇ ਰਵਿਦਾਸੀਆ ਸਮਾਜ ਦੀਆਂ ਸੇਵਾਵਾਂ ਬਦਲੇ ਸਨਮਾਨ ਕੀਤਾ । ਇਸ ਮੌਕੇ ਕਨਵੀਨਰ ਵਰਿੰਦਰ ਬਿੱਟਾ ਜੀ ਨੇ ਦੱਸਿਆ ਕਿ ਡਾ. ਸੀਮਾ ਮਾਹੀ ਰਵਿਦਾਸੀਆ ਧਰਮ ਤੇ 2023 ਵਿੱਚ ਪੀਐਚਡੀ ਕਰਕੇ ਸਮਾਜ ਦਾ ਮਾਣ ਵਧਾਇਆ ਹੈ ਅਤੇ ਅੱਜਕੱਲ੍ਹ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿੱਚ ਬਤੌਰ ਏ ਡਾਕਟਰੇਟ ਅਹੁਦੇ ਤੇ ਕਾਰਜਸ਼ੀਲ ਹੈ। ਡਾ. ਐਨ ਮਰਫੀ ਡੇਰਾ ਸੱਚਖੰਡ ਬੱਲਾਂ ਦੀ ਸ਼ਰਧਾਲੂ ਹੈ, ਜੋ 2005 ਵਿੱਚ ਇੱਕ ਹਫ਼ਤਾ ਸੱਚਖੰਡ ਬੱਲਾਂ ਵਿਖੇ ਬਿਤਾ ਕੇ ਸਮਾਜ ਦੀਆਂ ਸੇਵਾਵਾਂ ਤੋਂ ਜਾਗਰੂਕ ਹੋਈ ਅਤੇ ਮਹਾਂਪੁਰਸ਼ਾਂ ਦੇ ਮਹਾਨ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੀ ਸ਼ਰਧਾਲੂ ਬਣੀ। ਇਸ ਵਾਰ ਡਾ.ਐਨ ਮਰਫੀ ਫਿਰ ਦੁਬਾਰਾ ਫਰਵਰੀ ਵਿਚ ਸ੍ਰੀ ਗੁਰੂ ਰਵਿਦਾਸ ਮਹਾਰ-ਾਜ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਮਨਾਉਣ ਲਈ ਡੇਰਾ ਸੱਚਖੰਡ ਬੱਲਾਂ ਅਤੇ ਕਾਂਸ਼ੀ ਬਨਾਰਸ ਆਪਣੀ ਹਾਜ਼ਰੀ ਭਰ ਰਹੀ ਹੈ । ਇਸ ਮੌਕੇ ਗਾਇਕ ਪੰਮਾ ਸੁੰਨੜ ਅਤੇ ਸ਼ਾਮ ਪੰਡੋਰੀ ਨੇ ਮਹਾਂਪੁਰਸ਼ਾਂ ਦੀ ਮਹਿਮਾ ਦਾ ਗੁਣਗਾਨ ਕੀਤਾ। ਅੰਤ ਵਿੱਚ ਸਰਬੱਤ ਦੇ ਭਲੇ ਲਈ ਸ਼੍ਰੀਮਤੀ ਪੂਨਮ ਬੰਗੜ ਜੀ ਵਲੋਂ ਅਰਦਾਸ ਬੇਨਤੀ ਕੀਤੀ ਗਈ ।

# ਮਹਿਤਪੁਰ ਪੁਲਿਸ ਵੱਲੋਂ ਜਾਅਲੀ ਥਾਣੇਦਾਰ ਨੂੰ ਕਾਬੂ ਕੀਤਾ ਮਹਿਤਪੁਰ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਉਕਾਰ ਸਿੰਘ ਬਰਾੜ ਪੀ.ਪੀ.ਐਸ ਉਪ ਪੁਲਿਸ ਕਪਤਾਨ ਸਬ ਡਵੀਜ਼ਨ ਸ਼ਾਹਕੋਟ ਦੀ ਅਗਵਾਈ ਹੇਠ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਸੁਖਦੇਵ ਸਿੰਘ ਥਾਣਾ ਮੁਖੀ ਨੇ ਦੱਸਿਆ ਕਿ 27-1-2025 ਨੂੰ ਥਾਣਾ ਮਹਿਤਪੁਰ ਦੀ ਪੁਲਿਸ ਪਾਰਟੀ ਨੇ ਦੋਰਾਨੇ ਨਾਕਾਬੰਦੀ ਟੀ ਪੁਆਇੰਟ ਛੋਟੇ ਬਿੱਲੇ ਤੋਂ ਇੱਕ ਸਫਾਰੀ ਗੱਡੀ ਨੰਬਰੀ ਫਭ-10-ਭਸ਼-6706 ਰੰਗ ਕਾਲਾ ਜਿਸ ਦੇ ਪਿੱਛੇ ਉਸ ਨੇ ਪੰਜਾਬੀ ਵਿੱਚ ਥਾਣੇਦਾਰ ਲਿਖਵਾਇਆ ਹੋਇਆ ਸੀ ਉਸ ਮੋਨੇ ਨੌਜਵਾਨ ਚਾਲਕ ਨੂੰ ਕਾਬੂ ਕੀਤਾ ਨਾਮ ਪਤਾ ਪੁੱਛਿਆ ਜਿਸਦੇ ਪੁੱਛਣ ਤੇ ਆਪਣਾ ਨਾਮ ਅੰਸ ਗਿੱਲ ਪੁੱਤਰ ਕਰਮ ਚੰਦ ਵਾਸੀ ਉਗੀ ਤਹਿਸੀਲ ਨਕੋਦਰ ਜਿਲਾ ਜਲੰਧਰ ਦੱਸਿਆ। ਜਿਸ ਨੂੰ ਗੱਡੀ ਪਿੱਛੇ ਥਾਣੇਦਾਰ



ਲਿਖਣ ਦਾ ਕਾਰਨ ਪੁੱਛਿਆ ਜੋ ਤਸੱਲੀ ਬਖਸ਼ ਜਵਾਬ ਨਹੀਂ ਦੇ ਸਕਿਆ ਜਿਸ ਤੇ ਉਸ ਦੇ ਕਬਜ਼ੇ ਵਿੱਚੋਂ ਇੱਕ ਜਾਅਲੀ ਆਈ ਕਾਰਡ ਪੰਜਾਬ ਪੁਲਿਸ ਅਤੇ ਇੱਕ ਖਿਡੋਣਾ ਪਿਸਤੋਲ ਰੰਗ ਕਾਲਾ ਬਰਾਮਦ ਕੀਤਾ ਗਿਆ ਹੈ। ਜੋ ਪੁੱਛਗਿੱਛ ਕਰਨ ਤੋਂ ਪਾਇਆ ਗਿਆ ਕਿ ਉਕਤ ਕਾਬੂ ਸੁਧਾ ਨੌਜਵਾਨ ਕਾਫੀ ਸਮੇਂ ਤੋਂ ਆਪਣਾ ਜਾਅਲੀ ਆਈ ਕਾਰਡ ਪੰਜਾਬ ਪੁਲਿਸ ਦਾ ਬਣਾ ਕੇ ਆਪਣੇ ਆਪ ਨੂੰ ਥਾਣੇਦਾਰ ਦੱਸਦਾ ਆ ਰਿਹਾ ਸੀ ਅਤੇ ਆਮ ਤੌਰ ਤੇ ਟੋਲ ਪਲਾਜੇ ਤੋਂ ਲੰਘਣ ਸਮੇਂ ਟੋਲ ਪਰਚੀ ਬਚਾਉਣ ਲਈ ਜਾ ਲੋਕਾਂ ਦੇ ਵਿੱਚ ਰੋਅਬ ਝਾੜਨ ਲਈ ਅਤੇ ਲੋਕਾਂ ਨੂੰ ਡਰਾਉਣ ਧਮਕਾਉਣ ਲਈ ਇਹ ਕਾਰਡ ਵਰਤਦਾ ਰਿਹਾ ਸੀ। ਦੋਸ਼ੀ ਨੂੰ ਗ੍ਰਿਫਤਾਰ ਕਰਤੇ ਉਸ ਤੇ ਮੁਕਦਮਾ ਦਰਜ ਕਰ ਦਿੱਤਾ ਗਿਆ ਹੈ।

# ਵਿਸ਼ਵ ਵਿੱਚ ਬੋਧੀਆਂ ਦਾ ਸਰਵਸ਼੍ਰੇਸ਼ਟ ਪਵਿੱਤਰ ਇਤਿਹਾਸਕ ਸਥਾਨ ਬੋਧਗਯਾ ਮਹਾ ਬੁੱਧਵਿਹਾਰ

## 'ਬੀ.ਟੀ. ਐਕਟ 1949' ਰੱਦ ਕਰਕੇ ਬੋਧਗਯਾ ਮਹਾ ਬੁੱਧਵਿਹਾਰ ਪ੍ਰਬੰਧਕ ਸੰਮਤੀ ਦਾ ਪੂਰਾ ਪ੍ਰਬੰਧ ਨਿਰੋਲ ਬੋਧੀਆਂ ਨੂੰ ਦਿੱਤਾ ਜਾਵੇ - ਲਾਮਾ

**ਜਲੰਧਰ (ਸਮਾਜ ਵੀਕਲੀ )** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੁਆਰਾ ਆਯੋਜਿਤ ਕੀਤੀ ਗਈ ਪ੍ਰੈਸ ਕਾਨਫਰੰਸ ਵਿਚ ਪੱਤਰਕਾਰਾਂ ਨੂੰ ਸੰਬੋਧਿਤ ਕਰਦਿਆਂ ਅਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ਼੍ਰੀ ਅਕਾਸ਼ ਲਾਮਾ ਨੇ ਕਿਹਾ ਕਿ ਪੰਜਾਬ ਯੋਧਿਆਂ ਤੇ ਕ੍ਰਾਂਤੀਕਾਰੀਆਂ ਦੀ ਧਰਤੀ ਹੈ। ਭਾਰਤ ਦੇਸ਼ ਦੇ ਸੁਤੰਤਰਤਾ ਸੰਗਰਾਮ 'ਚ ਪੰਜਾਬੀਆਂ ਦਾ ਮਹੱਤਵਪੂਰਨ ਰੋਲ ਹੈ। ਆਜ਼ਾਦੀ ਉਪਰੰਤ ਬਾਬਾ ਸਾਹਿਬ ਡਾ. ਅੰਬੇਡਕਰ ਦੀ ਵਿਚਾਰਧਾਰਾ ਦੇ ਪ੍ਰਸਾਰ ਅਤੇ ਪ੍ਰਚਾਰ ਵਿੱਚ ਵੀ ਪੰਜਾਬ ਦੇ ਅੰਬੇਡਕਰੀਆਂ ਦਾ ਬੇਮਿਸਾਲ ਯੋਗਦਾਨ ਹੈ। ਉਨ੍ਹਾਂ ਨੇ ਕਿਹਾ ਕਿ ਵਿਸ਼ਵ ਵਿੱਚ ਬੋਧੀਆਂ ਦੇ ਸਰਵਸ਼੍ਰੇਸ਼ਟ ਪਵਿੱਤਰ ਇਤਿਹ-ਾਸਕ ਸਥਾਨ ਬੋਧਗਯਾ ਮਹਾ ਬੁੱਧਵਿਹਾਰ ਦਾ ਸਭ ਤੋਂ ਉੱਤਮ ਦਰਜਾ ਹੈ ਅਤੇ ਭਾਰੀ ਗਿਣਤੀ ਵਿੱਚ ਦੁਨੀਆਂ ਭਰ ਦੇ ਦੇਸ਼ਾਂ ਦੇ ਬੋਧੀ ਉਪਾਸਕ ਸ਼ਰਧਾਲੂ ਇਸ ਸਥਾਨ ਦੀ ਯਾਤਰਾ ਕਰਨ ਲਈ ਰੋਜ਼ਾਨਾ ਆਉਂਦੇ ਹਨ। ਪਰੰਤੂ ਸਭ ਤੋਂ ਹੈਰਾਨੀ ਅਤੇ ਦੁੱਖ







ਵਾਲੀ ਗੱਲ ਹੈ ਕਿ ਤਥਾਗਤ ਬੁੱਧ ਨਾਲ ਸਬੰਧਤ ਇਸ ਪਵਿੱਤਰ ਸਥਾਨ ਦਾ ਕਬਜ਼ਾ ਗੈਰ ਬੋਧੀਆਂ ਦੇ ਕੋਲ ਹੈ। ਪੂਰੀ ਦੁਨੀਆਂ ਵਿੱਚ ਇਹ ਇੱਕੋ ਇੱਕ ਸਥਾਨ ਹੈ ਜਿਸ ਦਾ ਪ੍ਰਬੰਧ ਗੈਰ ਧਰਮੀ ਲੋਕਾਂ ਕੋਲ ਹੈ। ਤਤਕਾਲੀਨ ਬਿਹਾਰ ਸਰਕਾਰ ਨੇ ਬੀ.ਟੀ. ਐਕਟ 1949 ਦੁਆਰਾ ਇਸ ਪਵਿੱਤਰ ਸਥਾਨ ਨੂੰ ਗੈਰ ਬੋਧੀਆਂ ਦੇ ਹਵਾਲੇ ਕੀਤਾ ਹੋਇਆ ਹੈ ਜੋ ਸਾਰੇ ਧਾਰਮਿਕ ਕਾਰਜ ਤਥਾਗਤ ਬੁੱਧ ਦੀ ਵਿਚਾਰਧਾਰਾ ਦੇ ਉਲਟ ਕਰਦੇ ਹੋਏ ਅੰਧ ਵਿਸ਼ਵਾਸ ਨੂੰ ਬੜਾਵਾ ਦੇ ਰਹੇ ਹਨ। ਉਨ੍ਹਾਂ ਨੇ ਸਭ ਤੋਂ ਪਵਿੱਤਰ ਬੁੱਧ ਭੂਮੀ ਨੂੰ ਸੈਰ ਸਪਾਟੇ ਦਾ ਇੱਕ ਸਥਾਨ ਬਣਾ ਦਿੱਤਾ ਹੈ। ਬੁੱਧ ਨੇ ਵਿਵੇਕਸ਼ੀਲ ਹੋਣ, ਵਿਗਿਆਨਕ ਸੂਝ ਵਿਕਸਿਤ ਕਰਨ ਅਤੇ ਤਰਕ ਅਧਾਰਤ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਸੀ, ਜਦਕਿ ਗੈਰ ਬੋਧੀ ਪ੍ਰਬੰਧਕ ਸੰਮਤੀ ਰੂੜੀਵਾਦ, ਅਡੰਬਰਾਂ, ਕਰਮਕਾਂਡਾਂ ਅਤੇ ਰੀਤਾਂ-ਰਸਮਾਂ ਵਿੱਚ ਫਸਾ ਕੇ ਯਾਤਰੀਆਂ ਦੀ ਲੁੱਟ ਖਸੁੱਟ ਕਰ ਰਹੇ ਹਨ।

ਲਾਮਾ ਜੀ ਨੇ ਕਿਹਾ ਕਿ ਬੋਧਗਯਾ ਮਹਾ ਬੁੱਧਵਿਹਾਰ ਨੂੰ ਗੈਰ ਬੋਧੀਆਂ ਤੋਂ ਮੁਕਤ ਕਰਾਉਣ ਲਈ ਭਾਰਤ ਦੇ ਬੋਧੀ ਸਮਾਜ ਵੱਲੋਂ ਲੰਮੇ ਅਰਸੇ ਤੋਂ ਅੰਦੋਲਨ ਕੀਤੇ ਜਾ ਰਹੇ ਹਨ। ਸਤੰਬਰ 2024 ਤੋਂ ਆਲ ਇੰਡੀਆ ਬੁੱਧਿਸਟ ਫੋਰਮ ਦੀ ਅਗਵਾਈ ਹੇਠ ਪੀਸ-ਮਾਰਚ ਸਮੇਤ ਪੂਰੇ ਦੇਸ਼ ਵਿੱਚ ਜਿਲਾ ਪੱਧਰ ਦੇ ਰਾਸ਼ਟਰਪਤੀ ਜੀ ਨੂੰ ਮੈਮੋਰੈਂਡਮ ਭੇਜੇ ਗਏ। ਉਨ੍ਹਾਂ ਨੇ ਕਿਹਾ ਕਿ 12 ਫਰਵਰੀ 2025 ਨੂੰ ਅਨਿਸ਼ਚਿਤਕਾਲੀਨ ਲੜੀਵਾਰ ਭੁੱਖ ਹੜਤਾਲ ਸ਼ੁਰੂ ਕੀਤੀ ਜਾ ਰਹੀ ਹੈ। ਆਕਾਸ਼ ਲਾਮਾਂ ਨੇ ਕਿਹਾ ਕਿ ਸ੍ਰੀ ਲੰਕਾ ਦੇ ਮਹਾਨ ਬੋਧੀ ਵਿਦਵਾਨ ਅਨਾਗਰਿਕ ਧਰਮਪਾਲ ਨੇ 1891 ਤੋਂ ਆਪਣੇ ਪ੍ਰੀਨਿਰਵਾਣ 1933 ਤੱਕ ਇਸ ਮਹਾਨ ਬੋਧੀ ਸਥਾਨ ਨੂੰ ਰੂੜੀਵਾਦੀ ਗੈਰ ਬੋਧੀਆਂ ਤੋਂ ਮੁਕਤ ਕਰਵਾਉਣ ਲਈ ਨਿਰੰਤਰ ਸੰਘਰਸ਼ ਕੀਤਾ। ਬੇਸ਼ੱਕ 1949 ਵਿੱਚ ਬਿਹਾਰ ਸਰਕਾਰ ਨੇ ਇਸ ਸਬੰਧੀ ਬੀ.ਟੀ. ਐਕਟ ਤਾਂ ਬਣਾਇਆ ਪ੍ਰੰਤੂ ਬੋਧਗਯਾ ਮਹਾ ਬੁੱਧਵਿਹਾਰ ਦੀ ਪ੍ਰਬੰਧਕ ਸੰਮਤੀ ਵਿੱਚ ਸ਼ਾਮਿਲ 9 ਮੈਂਬਰਾਂ ਵਿੱਚ 5 ਮੈਂਬਰ ਗੈਰ ਬੋਧੀ ਹੀ ਸ਼ਾਮਿਲ ਕੀਤੇ ਜਾਣ ਦਾ ਕਾਨੂੰਨੀ ਪ੍ਰਬੰਧ ਕਰ ਦਿੱਤਾ ਗਿਆ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਬੀ.ਟੀ. ਐਕਟ 1949 ਨੂੰ ਰੱਦ ਕਰਕੇ ਬੋਧਗਯਾ ਮਹਾ ਬੁੱਧਵਿਹਾਰ ਦੀ ਪ੍ਰਬੰਧਕ ਸੰਮਤੀ ਦਾ ਪੂਰਾ ਪ੍ਰਬੰਧ ਨਿਰੋਲ ਬੋਧੀਆਂ ਨੂੰ ਦਿੱਤਾ ਜਾਵੇ।

ਆਕਾਸ਼ ਲਾਮਾ ਜੀ ਨੇ ਪੰਜਾਬ ਦੇ ਸਾਰੇ ਬੋਧੀ ਉਪਾਸਕਾਂ ਅਤੇ ਅੰਬੇਡਕਰੀ ਅਤੇ ਤਰਕਸ਼ੀਲ ਵਿਚਾਰਧਾਰਾ ਨਾਲ ਜੁੜੀਆਂ ਸਾਰੀਆਂ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ 'ਬੋਧਗਯਾ ਟੈਂਪਲ ਮੁਕਤੀ ਅੰਦੋਲਨ', ਆਲ ਇੰਡੀਆ ਬੁੱਧਿਸਟ ਫੋਰਮ ਨੂੰ ਤਨ ਮਨ ਤੇ ਧਨ ਨਾਲ ਪੂਰਾ ਸਹਿਯੋਗ ਦੇਣ।

ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਪੰਜਾਬ ਦੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ 26 ਜਨਵਰੀ ਗਣਤੰਤਰ ਦਿਵਸ ਵਾਲੇ ਦਿਨ ਇੱਕ ਸ਼ਰਾਰਤੀ ਅਨਸਰ ਵੱਲੋਂ ਅੰਮ੍ਰਿਤਸਰ ਵਿਰਾਸਤੀ ਮਾਰਗ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਪ੍ਰਤਿਮਾ ਨੂੰ ਤੋੜਨ ਦੀ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿੰਦਿਆ ਕੀਤੀ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀ ਨੂੰ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਸਜਾ ਦਿੱਤੀ ਜਾਵੇ। ਉਨ੍ਹਾਂ ਨੇ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਇਸ ਮੰਦਭਾਗੀ ਘਟਨਾ ਦੀ ਉੱਚਪੱਧਰੀ ਜਾਂਚ ਕਰਵਾ ਕੇ ਇਸ ਪਿੱਛੇ ਸਾਜਿਸ਼ ਦਾ ਪਤਾ ਲਗਾਇਆ ਜਾਵੇ ਅਤੇ ਸਾਜਿਸ਼ ਕਰਤਾ ਨੂੰ ਵੀ ਸਖ਼ਤ ਸਜਾ ਦਿੱਤੀ ਜਾਵੇ। ਇਸ ਮੌਕੇ ਸਰਵ ਸ੍ਰੀ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ), ਡਾ. ਜੀ.ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਪ੍ਰੋ. ਬਲਬੀਰ, ਡਾ. ਹਰਬੰਸ ਵਿਰਦੀ ਲੰਡਨ (ਯੂ ਕੇ), ਡਾ. ਮਹਿੰਦਰ ਸੰਧੂ, ਹਰਮੇਸ਼ ਜੱਸਲ, ਨਿਰਮਲ ਬਿੰਜੀ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਕੁਲਦੀਪ ਭੱਟੀ ਆਦਿ ਹਾਜ਼ਰ ਸਨ।

**ਬਲਦੇਵ ਰਾਜ ਭਾਰਦਵਾਜ,**
**ਜਨਰਲ ਸਕੱਤਰ,**
**ਅੰਬੇਡਕਰ ਮਿਸ਼ਨ ਸੋਸਾਇਟੀ**
**ਪੰਜਾਬ (ਰਜਿ**

# ਬਾਬਾ ਸਾਹਿਬ ਜੀ ਦੀ ਮੂਰਤੀ ਨੂੰ ਤੋੜਨ ਵਾਲੇ ਵਿਅਕਤੀ ਤੇ ਐਨਐਸਏ ਲਗਾਕੇ ਸਖਤ ਤੋ ਸਖ਼ਤ ਸਜ਼ਾ ਦਿੱਤੀ ਜਾਵੇ : ਡਾ ਐਮ ਜਮੀਲ ਬਾਲੀ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਇੱਕ ਪਾਸੇ ਕੱਲ ਪੂਰੇ ਦੇਸ਼ ਵਿੱਚ 76ਵਾਂ ਗਣਤੰਤਰਤਾ ਦਿਵਸ ਮਨਾਇਆ ਜਾ ਰਿਹਾ ਸੀ ਕਿਉਂਕਿ 26 ਜਨਵਰੀ ਵਾਲੇ ਦਿਨ ਭਾਰਤ ਵਿੱਚ ਸੰਵਿਧਾਨ ਲਾਗੂ ਹੋਇਆ ਸੀ। ਦੂਜੇ ਪਾਸੇ ਇੱਕ ਅਕਾਸ਼ ਸਿੰਘ ਨਾਂ ਦੇ ਨੌਜਵਾਨ ਨੇ ਪੌੜੀ ਲਗਾ ਕੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਨੂੰ ਹੱਥ 'ਚ ਹਥੌੜਾ ਫੜ੍ਹ ਕੇ ਤੋੜਨ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਕਾਰਨ ਹਰ ਵਰਗ ਦੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਬਾਬਾ ਸਾਹਿਬ ਜੀ ਦੀ ਇਹ ਮੂਰਤੀ ਅੰਮ੍ਰਿਤਸਰ ਦੇ ਵਿਰਾਸਤੀ ਮਾਰਗ 'ਤੇ ਲੱਗੀ ਹੋਈ ਹੈ। ਇਹੀ ਨਹੀਂ, ਇਸ ਨੌਜਵਾਨ ਨੇ ਸੰਵਿਧਾਨ ਦੀਆ ਕਾਪੀਆ ਨੂੰ ਵੀ ਅੱਗ ਲਗਾਈ। ਇਹ ਵਿਚਾਰ ਬਾਲੀ ਹਸਪਤਾਲ ਦੇ ਐਮਡੀ ਅਤੇ ਬੁੱਧੀਜੀਵੀ ਸ਼ਖਸ਼ੀਅਤ ਡਾਕਟਰ ਐਮ ਜਮੀਲ ਬਾਲੀ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ ! ਉਹਨਾਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਜੀ ਦੀ ਪ੍ਰਤਿਮਾ ਨੂੰ ਤੋੜਨਾ ਇੱਕ ਮੰਦਭਾਗੀ ਘਟਨਾ ਹੈ। ਮੂਰਤੀ ਤੋੜਨ ਵਾਲਾ ਸ਼ਖਸ ਕੋਈ ਵੀ ਹੋਵੇ, ਉਸ ਤੇ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਕਿਉਂਕਿ ਇਸ ਨੇ ਪੰਜਾਬ ਅੰਦਰ ਭਾਈਚਾਰਕ ਸਾਂਝ ਤੋੜਨ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਕਿਹਾ ਕਿ ਮੂਰਤੀ ਤੋੜਨ ਵਰਗੇ ਘਿਨਾਉਣੇ ਕਰਨਾਵੇਂ ਨੇ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਹਨਾਂ ਕਿਹਾ ਕਿ ਇਸ ਸ਼ਖਸ ਜਾਂ ਇਸ ਕਾਰਵਾਈ ਨੂੰ ਅੰਜਾਮ ਦੇਣ ਪਿੱਛੇ ਹੋਰ ਲੋਕਾਂ ਦਾ ਪਰਦਾਫਾਸ਼ ਕਰਕੇ ਸਾਰਿਆਂ ਨੂੰ ਕਾਨੂੰਨੀ ਤੌਰ ਤੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।ਉਹਨਾਂ ਕਿਹਾ ਕਿ ਇਹ



ਸਾਰਾ ਏਜੰਸੀਆਂ ਦਾ ਰਚਿਆ ਗਿਆ ਛੜਯੰਤਰ ਹੈ,ਉਹਨਾਂ ਕਿਹਾ ਕਿ ਇਹੋ ਜਿਹੇ ਸ਼ਰਾਰਤੀ ਅਨਸਰਾਂ ਨੂੰ ਪੰਜਾਬ ਦਾ ਭਾਈਚਾਰਾ ਹਜਮ ਨਹੀਂ ਹੋ ਰਿਹਾ।

ਉਹਨਾਂ ਕਿਹਾ ਕਿ ਆਜ਼ਾਦੀ ਦੇ ਅੰਦੋਲਨ ਤੋਂ ਲੈ ਕੇ ਹੁਣ ਤੱਕ ਬਾਬਾ ਸਾਹਿਬ ਨੂੰ ਇਸ ਕਰਕੇ ਨਫਰਤ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਕਿਉਂਕਿ ਉਨ੍ਹਾਂ ਸਦੀਆਂ ਤੋਂ ਜਾਤੀਵਾਦੀ ਉਚ-ਨੀਚ ਦੀ ਵਿਵਸਥਾ ਤੋਂ ਪੀੜਤ ਲੋਕਾਂ ਨੂੰ ਬਰਾਬਰੀ ਦੇ ਹੱਕ ਲੈ ਕੇ ਦਿੱਤੇ ਅਤੇ ਉਨ੍ਹਾਂ ਨੂੰ ਸਨਮਾਨ ਨਾਲ ਜੀਊਣਾ ਸਿਖਾਇਆ ਅਤੇ ਊਚ-ਨੀਚ ਦੀ ਵਿਵਸਥਾ ਨੂੰ ਟੱਕਰ ਦਿੱਤੀ ਜਿਸ ਕਰਕੇ ਦੇਸ਼ ਭਰ ਵਿੱਚ ਡਾ. ਅੰਬੇਡਕਰ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾਇਆਂ ਜਾ ਰਿਹਾ ਹੈ ਜੋ ਕੀ ਇਸਨੂੰ ਕੋਈ ਵੀ ਵਰਗੇ ਕਦੇ ਬਰਦਾਰਸ਼ਤ ਨਹੀਂ ਕਰੇਗਾ ।ਉਹਨਾਂ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਦੇਸ਼ ਦੇ ਕਰੋੜਾਂ ਲੋਕਾਂ ਦੇ ਆਦਰਸ਼ ਹਨ। ਉਹਨਾਂ ਕਿਹਾ ਕਿ ਬਾਬਾ ਸਾਹਿਬ ਦੇ ਸਨਮਾਨ ਖਿਲਾਫ ਹੋਣ ਵਾਲੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਭਾਰਤ ਦੇ ਲੋਕਾਂ ਵਲੋਂ ਤਿੱਖਾ ਪ੍ਰਤੀਕਰਮ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਬਾਬਾ ਸਾਹਿਬ ਜੀ ਦੀ ਮੂਰਤੀ ਨੂੰ ਤੋੜਨ ਵਾਲੇ ਵਿਅਕਤੀ ਤੇ ਐਨਐਸਏ ਲਗਾਇਆ ਜਾਵੇ ਤੇ ਸਖਤ ਸਜ਼ਾ ਦਿੱਤੀ ਜਾਵੇ।

# ਦੀ ਸਿੰਘਪੁਰ ਕੋ-ਆਪ-ਐਗਰੀ ਮਲਟੀਪਰਪਜ ਸੁਸਾਇਟੀ ਲਿਮ: ਦੀ ਚੋਣ ਸਰਬਸੰਮਤੀ ਨਾਲ ਹੋਈ

## ਬਲਵੰਤ ਸਿੰਘ ਪ੍ਰਧਾਨ ਤੇ ਸੁਖਵਿੰਦਰ ਸਿੰਘ ਮੀਤ ਪ੍ਰਧਾਨ ਬਣੇ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਦੀ ਸਿੰਘਪੁਰ ਕੋ-ਆਪ-ਐਗਰੀ ਮਲਟੀਪਰਪ ਸੁਸਾਇਟੀ ਲਿਮ: ਸਭਾ ਦੀ ਪ੍ਰਬੰਧਕ ਕਮੇਟੀ ਚੋਣ 1 ਜਨਵਰੀ ਨੂੰ ਸਿੰਘਪੁਰ, ਖਹਿਰਾ ਮੁਸ਼ਤਰਕਾ ਤੇ ਖੁਰਲਾਪੁਰ ਤਿੰਨਾਂ ਪਿੰਡਾਂ ਦੀ ਸਰਬਸੰਮਤੀ ਨਾਲ ਹੋਈ ਸੀ। ਜਿਸ ਦੇ ਸਬੰਧ ਵਿੱਚ ਅੱਜ 28 ਜਨਵਰੀ ਨੂੰ ਪ੍ਰਬੰਧਕ ਕਮੇਟੀ ਦੇ ਅਹਦਿਆ ਦੀ ਚੋਣ ਕੀਤੀ ਗਈ ਜਿਸ ਵਿੱਚ ਬਲਵੰਤ ਸਿੰਘ ਪ੍ਰਧਾਨ, ਸੁਖਵਿੰਦਰ ਸਿੰਘ ਮੀਤ ਪ੍ਰਧਾਨ ਤੇ ਸੁਖਵਿੰਦਰ ਕੌਰ, ਸਰਬਜੀਤ,



ਸੁਖਦੇਵ ਸਿੰਘ, ਨਿਰਮਲਜੀਤ ਸਿੰਘ, ਜਸਪਾਲ ਸਿੰਘ, ਹਰਜਿੰਦਰ ਸਿੰਘ, ਨਿਰਮਲ ਕੌਰ, ਹਰਿੰਦਰ ਸਿੰਘ, ਅਰਜਨ ਦਾਸ ਨੂੰ ਮੈਂਬਰ ਚੁਣਿਆ ਗਿਆ। ਇਸ ਮੌਕੇ ਚੁਣੀ ਗਈ ਪ੍ਰਬੰਧਕ ਕਮੇਟੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਜੋ ਵੀ ਜਿੰਮੇਵਾਰੀ ਦਿੱਤੀ ਗਈ ਹੈ ਉਸਨੂੰ ਅਸੀਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗੇ।

# ਗਾਇਕ ਅਨਿਲ ਆਫਤਾਬ ਲੈ ਕੇ ਆਇਆ "ਬੇਗਮਪੁਰਾ -ਟੂ" ਟ੍ਰੈਕ - ਰਾਮ ਭੋਗਪੁਰੀਆ

### ਸਾਰੇ ਕਰ ਲਓ ਏਕਾ ਬੇਗਮਪੁਰਾ ਵਸਾਉਣਾ ਹੈ ਦਾ ਹੈ ਇਹ ਗੀਤ ਦੂਜਾ ਭਾਗ - ਗੀਤਕਾਰ ਬਲਵਿੰਦਰ ਭੋਰਾ




**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਵਿਸ਼ਵ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਮਿਸ ਪੂਜਾ ਦੇ ਗੀਤ "ਸਾਰੇ ਕਰ ਲਓ ਏਕਾ ਬੇਗਮਪੁਰਾ ਵਸਾਉਣਾ ਹੈ " ਦਾ ਭਾਗ ਦੂਜਾ 'ਬੇਗਮਪੁਰਾ- ਟੂ' ਪ੍ਰਸਿੱਧ ਗੀਤਕਾਰ ਬਲਵਿੰਦਰ ਭੋਰਾ ਲੈ ਕੇ ਸੰਗਤ ਵਿੱਚ ਗਾਇਕ ਅਨਿਲ ਆਫ਼ਤਾਬ ਦੀ ਆਵਾਜ਼ ਰਾਹੀਂ ਇੱਕ ਵਾਰ ਫਿਰ ਪੇਸ਼ ਹੋਏ ਹਨ । ਰਾਮ ਭੋਗਪੁਰੀਆ ਆਰ ਜੇ ਬੀਟਸ ਭਗਤੀ ਚੈਨਲ ਦੇ ਪ੍ਰੋਡਿਊਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟ੍ਰੈਕ ਨੂੰ ਅਨਿਲ ਆਫਤਾਬ ਨੇ ਬਕਾਇਦਾ ਤੌਰ ਤੇ ਸੂਝ ਬੂਝ ਨਾਲ ਗਾਇਆ ਹੈ ਅਤੇ ਇਸ ਨੂੰ ਬਲਵਿੰਦਰ ਭੌਰਾ ਨੇ ਕਲਮਬੱਧ ਕੀਤਾ ਹੈ । ਇਸ ਦਾ ਸ਼ਾਨਦਾਰ ਵੀਡੀਓ ਬਾਬਾ ਕਮਲ ਨੇ ਤਿਆਰ ਕੀਤਾ ਹੈ ਤੇ ਇਸਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਅਮਦਾਦ ਅਲੀ ਨੇ ਬਣਾਇਆ ਹੈ। ਵਿਸ਼ੇਸ਼ ਤੌਰ ਤੇ ਐਚ ਐਸ ਪ੍ਰੀਤ ਦਾ ਸਮੁੱਚੀ ਟੀਮ ਵੱਲੋਂ ਧੰਨਵਾਦ ਕੀਤਾ ਗਿਆ ਹੈ। ਮੁਨੀਸ਼ ਠੁਕਰਾਲ ਇਸ ਦੇ ਐਡੀਟਰ ਹਨ , ਜਦਕਿ ਬਾਕੀ ਟੀਮ ਵਿੱਚ ਮੁਨੀਸ਼ ਸ਼ਰਮਾ, ਸ਼ੰਕਰ ਦੇਵਾ, ਸੁੱਖ ਵਾਲੀਆ ,ਬੰਨੀ ਸ਼ਰਮਾ, ਅੰਮ੍ਰਿਤ ਪਵਾਰ ,ਕੁਲਦੀਪ ਚੁੰਬਰ, ਸੋਮ ਲਾਲ, ਕੁਲਵੰਤ ਕਾਂਤੀ, ਜੱਸੀ ਆਰਟਸ ਦੀ ਸਮੁੱਚੀ ਟੀਮ ਨੇ ਆਪਣੀ ਇਸ ਟ੍ਰੈਕ ਲਈ ਅਹਿਮ ਭੂਮਿਕਾ ਨਿਭਾਈ ਹੈ । ਜਿਕਰਯੋਗ ਹੈ ਕਿ ਬਲਵਿੰਦਰ ਭੋਰਾ ਸਮਾਜ ਦੀ ਨਾਮਵਰ ਕਲਮ ਹੈ, ਜੋ ਸਮੇਂ ਸਮੇਂ ਆਪਣੇ ਗੀਤਾਂ ਰਾਹੀਂ ਸਮਾਜ ਦੇ ਰਹਿਬਰਾਂ ਦਾ ਸੰਕਲਪ, ਬਾਣੀ, ਸੰਦੇਸ਼ ਆਪਣੇ ਗੀਤਾਂ ਵਿੱਚ ਪਰੋ ਕੇ ਸੰਗਤ ਨੂੰ ਵੰਡਦੇ ਰਹਿੰਦੇ ਹਨ ।

ਸਮਾਜ ਵੀਕਲੀ ਨਿਊਜ਼

# ਗਦਰੀ ਬਾਬਿਆਂ ਨੂੰ ਸਮਰਪਿਤ "ਮੇਲਾ ਚੀਮਿਆਂ ਦਾ" ਸੱਭਿਆਚਾਰਕ ਮੇਲਾ 2 ਫ਼ਰਵਰੀ ਨੂੰ - ਸਰਬਜੀਤ ਚੀਮਾ






**ਸਰੀ /ਵਿਨਕੂਵਰ (ਕੁਲਦੀਪ ਚੁੰਬਰ)–** ਚੀਮਾ ਸਪੋਰਟਸ ਕਲਚਰਲ ਐਂਡ ਵੈਲਫੇਅਰ ਕਲੱਬ , ਚੀਮਾ ਕਲਾਂ , ਚੀਮਾ ਖੁਰਦ ਪਿੰਡ ਪੰਚਾਇਤਾਂ ਅਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਗਦਰੀ ਬਾਬਿਆਂ ਨੂੰ ਸਮਰਪਿਤ "ਮੇਲਾ ਚੀਮਿਆਂ ਦਾ" ਸੱਭਿਆਚਾਰਕ ਮੇਲਾ ਪਹਿਲਾ ਵਾਂਗ ਇਸ ਵਾਰ ਵੀ 2 ਫ਼ਰਵਰੀ ਨੂੰ ਦਿਨ ਸ਼ੁਕਰਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਲੋਕ ਗਾਇਕ ਸਰਬਜੀਤ ਚੀਮਾ ਨੇ ਦੱਸਿਆ ਕਿ ਇਸ ਮੇਲੇ ਵਿੱਚ ਪੰਜਾਬ ਦੇ ਮਸ਼ਹੂਰ ਗਾਇਕਾ ਰੁਪਿੰਦਰ ਹਾਂਡਾ, ਗਾਇਕਾ ਜੈਨੀ ਜੌਹਲ, ਗਾਇਕ ਜੀ ਖ਼ਾਨ, ਡਿਊਟ ਸਟਾਰ ਜੋੜੀ ਦੀਪ ਢਿੱਲੋਂ ਤੇ ਜੈਸਮੀਨ ਜੱਸੀ, ਪੰਮਾ ਡੂੰਮੇਵਾਲ, ਗਾਇਕ ਹਰਦੀਪ ਚੀਮਾ , ਗਾਇਕਾ ਅਮਨ ਰੋਜ਼ੀ, ਗਾਇਕਾ ਜੈਸਮੀਨ ਅਖ਼ਤਰ , ਗਾਇਕਾ ਮੁਸਕਾਨ ਚੋਪੜਾ, ਆਪਣੇ ਗੀਤਾਂ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਕਵਿਤਾ ਸ਼ਾਹ, ਭੋਟੂ ਸ਼ਾਹ ਆਦਿ ਆਪਣੀ ਕਮੇਡੀ ਨਾਲ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਉਣਗੇ। ਸਟੇਜ ਦੀ ਭੂਮਿਕਾ ਐਂਕਰ ਰਫ਼ੀ ਅਵਿਰਾਜ ਜੀ ਨਿਭਾਉਣਗੇ । ਇਸ ਮੌਕੇ ਬੀਬੀ ਇੰਦਰਜੀਤ ਕੌਰ ਐਮ ਐਲ ਏ ਹਲਕਾ ਨਕੋਦਰ, ਗੁਰਪ੍ਰਤਾਪ ਸਿੰਘ ਵਡਾਲਾ ਐਕਸ ਐਮ ਐਲ ਏ , ਡਾ ਨਵਜੋਤ ਦਹੀਆ , ਸ ਸ਼ਮਸ਼ੇਰ ਸੰਧੂ , ਡਾ. ਸਤੀਸ਼ ਵਰਮਾ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

# ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਪ੍ਰਤਿਮਾ ਦੀ ਬੇਅਦਬੀ ਕਰਨ ਵਾਲੇ ਨੂੰ ਦਿੱਤੀ ਜਾਵੇ ਸਖਤ ਸਜ਼ਾ-ਅਵਤਾਰ ਹੀਰ ਪੁਰਤਗਾਲ



**ਫਿਲੌਰ/ਅੱਪਰਾ (ਦੀਪਾ)**-ਬੀਤੇ ਦਿਨ ਗਣਤੰਤਰ ਦਿਵਸ ਵਾਲੇ ਦਿਨ ਸ੍ਰੀ ਅੰਮ੍ਰਿਸਰ ਸਾਹਿਬ ਵਿਖੇ ਇੱਕ ਵਿਅਕਤੀ ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਪ੍ਰਤਿਮਾ ਦੀ ਬੇਅਦਬੀ ਕੀਤੀ ਗਈ ਸੀ ਤੇ ਉਸਨੂੰ ਢਾਹੁਣ ਦੀ ਕੋਸ਼ਿਸ਼ ਕੀਤੀ ਗਈ ਸੀ । ਉਕਤ ਮਾਮਲੇ ਨੂੰ ਲੈ ਕੇ ਸਮੂਹ ਡਾ. ਅੰਬੇਡਕਰ ਸੰਭਾਵਾਂ ਤੇ ਸੰਸਥਾਵਾਂ ਵਲੋਂ ਵੱਖ ਵੱਖ ਇਲਾਕਿਆਂ 'ਚ ਬੰਦ ਦੀ ਕਾਲ ਕੀਤੀ ਗਈ । ਇਸ ਦੌਰਾਨ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ (ਯੂਰੋਪ) ਦੇ ਪ੍ਰਧਾਨ ਅਵਤਾਰ ਹੀਰ ਪੁਰਤਗਾਲ ਨੇ ਉਕਤ ਘਟਨਾ ਦੀ ਕਰੜੇ ਸ਼ਬਦਾਂ 'ਚ ਨਿੰਦਾ ਕਰਦਿਆਂ ਕਥਿਤ ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਹੈ । ਇਸ ਮੌਕੇ ਉਨਾਂ ਕਿਹਾ ਕਿ ਇਸ ਤਰਾਂ ਕਦੇ ਨਹੀਂ ਹੋ ਸਕਦਾ ਕਿ ਇੱਕ ਵਿਅਕਤੀ ਆਵੇ ਤੇ ਬਾਬਾ ਸਾਹਿਬ ਦੀ ਪ੍ਰਤਿਮਾ ਦੀ ਬੇਅਦਬੀ ਸਿਰਫ ਚੰਦ ਕੁ ਮਿੰਟਾਂ 'ਚ ਹੀ ਕਰ ਦੇਵੇ । ਇਸ ਘਟਨਾ ਦੇ ਪਿੱਛੇ ਇੱਕ ਡੂੰਘੀ ਸਾਜ਼ਿਸ਼ ਤੇ ਸੋਚ ਕੰਮ ਕਰ ਰਹੀ ਹੈ ਤਾਂ ਕਿ ਪੰਜਾਬ ਦੀ ਅਮਨ ਤੇ ਸਾਂਤੀ ਨੂੰ ਭੰਗ ਕੀਤਾ ਜਾ ਸਕੇ ਤੇ ਪੰਜਾਬ ਦੇ ਅੰਦਰ ਭਾਈਚਾਰਕ ਸਾਂਝ ਨੂੰ ਤੋੜਿਆ ਜਾ ਸਕੇ । ਉਨਾਂ ਕਿਹਾ ਕਿ ਪੁਲਿਸ ਪ੍ਰਸ਼ਾਸ਼ਨ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਘਟਨਾ ਦੇ ਅਸਲ ਦੋਸ਼ੀਆਂ ਦੀ ਤਹਿ ਤੱਕ ਜਾਵੇ ਤਾਂ ਕਿ ਪਰਦੇ ਦੇ ਪਿੱਛੇ ਜੋ ਕੰਮ ਕਰ ਰਹੇ ਹਨ, ਉਨਾਂ ਦਾ ਚਿਹਰਾ ਬੇਨਕਾਬ ਹੋ ਸਕੇ । ਸੋਮ ਦੱਤ ਸੋਮੀ ਨੇ ਅੱਗੇ ਕਿਹਾ ਕਿ ਪ੍ਰਸ਼ਾਸ਼ਨ ਦੁਆਰਾ ਉਕਤ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਬਾਬਾ ਸਾਹਿਬ ਜੀ ਦੁਆਰਾ ਲਿਖੇ ਸੰਵਿਧਾਨ ਤਹਿਤ ਹੀ ਉਸਦੇ ਖਿਲਾਫ਼ ਸਖਤ ਧਾਰਾਵਾਂ ਲਗਾ ਕੇ ਜੇਲ ਭੇਜ ਦਿੱਤਾ ਹੈ । ਪਰੰਤੂ ਸੋਮ ਦੱਤ ਸੋਮੀ ਦਾ ਅੱਗੇ ਕਹਿਣਾ ਹੈ ਕਿ ਜੋ ਆਮ ਦੁਕਾਨਦਾਰ, ਛੋਟੇ ਵਪਾਰੀ ਤੇ ਹੋਰ ਛੋਟੇ ਕਾਰੋਬਾਰੀ ਹਨ, ਉਹ ਤਾਂ ਪਹਿਲਾਂ ਵਿੱਤੀ ਆਰਥਿਕਤਾ ਦੀ ਮਾਰ ਹੇਠ ਹਨ । ਇਸ ਲਈ ਪੰਜਾਬ ਬੰਦ ਦੌਰਾਨ ਉਨਾਂ ਦਾ ਹੋਰ ਵਿੱਤੀ ਨੁਕਤਸਾਨ ਹੋਇਆ ਹੈ, ਜੋ ਕਿ ਸਾਡੇ ਹੀ ਭਾਈ ਭਰਾ ਉਨਾਂ ਕਿਹਾ ਕਿ ਉਕਤ ਮਾਮਲੇ 'ਚ ਕਾਬੂ ਕੀਤੇ ਗਏ ਕਥਿਤ ਦੋਸ਼ੀ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਤਾਂ ਕਿ ਭਵਿੱਖ 'ਚ ਕੋਈ ਵੀ ਅਜਿਹੀ ਹਰਕਰਤ ਨਾ ਕਰ ਸਕੇ ।

ਸਮਾਜ ਵੀਕਲੀ ਨਿਊਜ਼

# ਟੀਬੀ ਮੁਕਤ ਭਾਰਤ ਮੁਹਿੰਮ ਤਹਿਤ ਬੱਚਿਆਂ ਦੀ ਟੀਬੀ ਦੀ ਜਾਂਚ 'ਤੇ ਇਲਾਜ ਲਈ ਜ਼ਿਲ੍ਹਾ ਪੱਧਰੀ ਸਿਖਲਾਈ ਪ੍ਰੋਗਰਾਮ ਦਾ ਆਯੋਜਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਵਿਭਾਗ ਪੰਜਾਬ ਅਤੇ ਸਿਵਲ ਸਰਜਨ ਡਾ ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਟੀਬੀ ਕੇਂਦਰ ਹੁਸ਼ਿਆਰਪੁਰ ਵੱਲੋਂ ਵਰਲਡ ਹੈਲਥ ਪਾਰਟਨਰਜ਼ (ਡਬਲਯੂ.ਐਚ.ਪੀ.) ਤੇ ਸਾਥੀ ਐਨ.ਜੀ.ਓ. ਦੇ ਸਹਿਯੋਗ ਨਾਲ ਟੀਬੀ ਮੁਕਤ ਭਾਰਤ ਮੁਹਿੰਮ ਤਹਿਤ ਬੱਚਿਆਂ ਦੇ ਟੀਬੀ ਦੀ ਜਾਂਚ ਅਤੇ ਇਲਾਜ ਲਈ ਜ਼ਿਲ੍ਹਾ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਬ ਡਿਵੀਜ਼ਨਲ ਹਸਪਤਾਲਾਂ ਅਤੇ ਸੀਐਚਸੀਜ਼ ਤੋਂ ਇੱਕ ਇੱਕ ਸਟਾਫ ਨਰਸ ਅਤੇ ਟੀਬੀ ਅਫ਼ਸਰ ਡਾ ਸ਼ਕਤੀ ਸ਼ਰਮਾ ਨੇ ਭਾਗ ਲਿਆ। ਟੀਬੀ ਸਭ ਤੋਂ ਮਹੱਤਵਪੂਰਨ ਜਨਤਕ ਸਿਹਤ ਚੁਣੌਤੀਆਂ ਵਿੱਚੋਂ ਇੱਕ ਹੈ। ਖਾਸ ਤੌਰ 'ਤੇ ਬੱਚਿਆਂ ਲਈ ਇਹ ਇੱਕ ਵੱਡੀ ਚੁਣੌਤੀ ਹੈ ਕਿਉਂਕਿ ਅਕਸਰ ਇਸਦਾ ਜਲਦੀ ਪਤਾ ਨਹੀਂ ਲਗਾਇਆ ਜਾ ਸਕਦਾ ਜਾਂ ਬਹੁਤ ਦੇਰ ਨਾਲ ਪਤਾ ਲੱਗਦਾ ਹੈ। ਇਸ ਸਿਖਲਾਈ ਪ੍ਰੋਗਰਾਮ ਦਾ ਉਦੇਸ਼ 0 -14 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਬਾਲ ਟੀਬੀ ਦੇ ਨਿਦਾਨ, ਇਲਾਜ ਅਤੇ ਪ੍ਰਬੰਧਨ ਵਿੱਚ ਸਿਹਤ ਪੇਸ਼ੇਵਰਾਂ ਦੇ ਗਿਆਨ ਅਤੇ ਹੁਨਰ ਨੂੰ ਵਧਾਉਣਾ ਹੈ। ਇਸ ਸਿਖਲਾਈ ਪ੍ਰੋਗਰਾਮ ਵਿਚ ਜ਼ਿਲਾ ਟੀਬੀ ਅਫ਼ਸਰ ਡਾ ਸ਼ਕਤੀ ਸ਼ਰਮਾ ਅਤੇ ਬਾਲ ਰੋਗਾਂ ਦੇ ਮਾਹਿਰ ਡਾ.ਰਾਜਵੰਤ ਕੌਰ ਨੇ ਮੁੱਖ ਟ੍ਰੇਨਰ ਵਜੋਂ ਭੂਮਿਕਾ ਨਿਭਾਈ। ਉਹਨਾਂ ਵੱਲੋਂ ਬੱਚਿਆਂ ਵਿੱਚ ਟੀਬੀ ਦੀ ਜਲਦੀ ਜਾਂਚ ਅਤੇ ਇਲਾਜ 'ਤੇ ਜ਼ੋਰ ਦਿੱਤਾ ਗਿਆ। ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਭਾਗੀਦਾਰਾਂ ਨੂੰ ਬਾਲ ਟੀਬੀ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ 0-14 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਗੈਸਟਿਕ ਐਸਪੀਰੇਟ (ਘਅ), ਗੈਸਟਿਕ ਲੈਵੇਜ (ਘ.ਲ) ਅਤੇ ਪ੍ਰੇਰਿਤ ਥੁੱਕ (ਇਸ਼) ਪ੍ਰਕਿਰਿਆ ਨੂੰ ਕਿਵੇਂ ਕਰਨਾ ਹੈ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸਿਖਲਾਈ ਵਿੱਚ ਸ਼੍ਰੀਮਤੀ ਹਰਦੀਪ ਕੌਰ ਸਟੇਟ ਨਰਸ ਮੈਂਟਰ, ਵਰਲਡ ਹੈਲਥ ਪਾਰਟਨਰ ਅਤੇ ਸ਼੍ਰੀਮਤੀ ਸੁਖਵਿੰਦਰ ਕੌਰ ਐਮਪੀਐਚ ਡਬਲਿਊ ਫ਼ੀਮੇਲ ਗੌਰਮਿੰਟ ਨਰਸਿੰਗ ਕਾਲਜ ਵੱਲੋਂ ਇਸ ਸਿਖਲਾਈ ਵਿੱਚ ਭਾਗ ਲਿਆ ਗਿਆ। ਇਸ ਸਿਖਲਾਈ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਸ੍ਰੀ ਗੁਰਮੀਤ ਸਿੰਘ ਜਿਲ੍ਹਾ ਪ੍ਰੋਜੈਕਟ ਮੈਨੇਜਰ ਵਰਲਡ ਹੈਲਥ ਪਾਰਟਨਰ ਹੁਸ਼ਿਆਰਪੁਰ ਅਤੇ ਉਹਨਾਂ ਦੀ ਟੀਮ ਸ੍ਰੀ ਹਰਜੀਤ ਸਿੰਘ, ਸ੍ਰੀ ਦੀਪਕ ਪ੍ਰਜਾਪਤੀ ਅਤੇ ਸ਼੍ਰੀਮਤੀ ਬਲਜੀਤ ਕੌਰ ਨੇ ਸਿਵਲ ਸਰਜਨ ਸਾਹਿਬ, ਜਿਲ੍ਹਾ ਟੀ.ਬੀ ਅਫਸਰ ਡਾ. ਸ਼ਕਤੀ ਸ਼ਰਮਾ, ਬਾਲ ਰੋਗ ਵਿਭਾਗ ਦੇ ਡਾਕਟਰਾਂ ਦਾ ਧੰਨਵਾਦ ਕੀਤਾ।

# ਲੋਕ ਸਭਾ ਮੈਂਬਰ ਡਾ ਰਾਜ ਨੇ ਕੀਤਾ ਕਾਂਗਰਸ ਅਤੇ ਭਾਜਪਾ ਦਾ ਕਿਲਾ ਢਹਿ-ਢੇਰੀ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਨਗਰ ਨਿਗਮ ਦੀਆਂ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ, ਪੰਜਾਬ ਵਿਚ ਰਾਜਨੀਤਿਕ ਗਹਿਮਾ-ਗਹਿਮੀ ਪੂਰੇ ਸ਼ਿਖਰ 'ਤੇ ਹੈ। ਅੱਜ ਲੋਕ ਸਭਾ ਮੈਂਬਰ ਡਾ ਰਾਜ ਕੁਮਾਰ ਚੱਬੇਵਾਲ ਨੇ ਕਾਂਗਰਸ ਦੇ ਮਜਬੂਤ ਗੜ੍ਹ ਮੰਨੇ ਜਾਣ ਵਾਲੇ ਫਗਵਾੜਾ ਵਿਖੇ ਫਿਰ ਆਪਣੀ ਰਾਜਨੀਤੀ ਦਾ ਲੋਹਾ ਮਨਵਾਇਆ। ਉਹਨਾਂ ਦੀ ਅਗੁਵਾਈ ਵਿਚ ਅੱਜ 'ਆਪ' ਨੂੰ ਹੋਰ ਬਲ ਮਿਲਿਆ ਅਤੇ ਕਾਂਗਰਸੀ ਕੌਂਸਲਰ ਮਨੀਸ਼ ਪ੍ਰਭਾਕਰ, ਰਾਮਪਾਲ ਉੱਪਲ, ਪਦਮ ਸੁਧੀਰ (ਨਿੱਕਾ) ਆਪਣੇ ਸਾਥੀਆਂ ਦੇ ਨਾਲ ਆਪ ਵਿਚ ਸ਼ਮਿਲ ਹੋ ਗਏ। ਭਾਜਪਾ ਦੇ ਕੌਂਸਲਰ ਪਰਮਜੀਤ ਸਿੰਘ ਖੁਰਾਣਾ ਨੇ ਵੀ ਇਕ ਦਿਨ ਪਹਿਲਾਂ ਹੀ ਡਾ. ਰਾਜ ਨਾਲ ਹੱਥ ਮਿਲਾਇਆ ਅਤੇ ਆਪ ਵਿਚ ਸ਼ਮੂਲੀਅਤ ਕੀਤੀ। ਇਸ ਤੋਂ ਪਹਿਲਾਂ ਦੋ ਆਜ਼ਾਦ



ਉਮੀਦਵਾਰ ਇੰਦਰਜੀਤ ਸਿੰਘ ਅਤੇ ਹਰਪ੍ਰੀਤ ਸਿੰਘ ਭੋਗਲ ਨੇ ਵੀ ਡਾ ਰਾਜ ਦੀ ਲੀਡਰਸ਼ਿਪ ਨੂੰ ਕਬੂਲਦਿਆਂ ਆਪ ਦਾ ਸਾਥ ਦੇਣ ਦਾ ਫੈਸਲਾ ਜਨਤਕ ਕੀਤਾ। ਪੈਪੀ ਸ਼ਰਮਾ ਸਾਬਕਾ ਬਲਾਕ ਪ੍ਰਧਾਨ ਨੇ ਵੀ ਆਪ ਦਾ ਪੱਲਾ ਫੜਿਆ।

ਫਗਵਾੜਾ ਵਿਖੇ ਇੱਕ ਸੰਖੇਪ ਸਮਾਗਮ ਵਿਚ ਡਾ ਰਾਜ ਦੇ ਨਾਲ 'ਆਪ' ਵਿਧਾਇਕ ਰਮਨ ਅਰੋੜਾ, ਆਪ ਦੇ ਬੁਲਾਰੇ ਹਰਨੂਰ ਸਿੰਘ ਮਾਨ ਅਤੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਦੀ ਮੌਜੂਦਗੀ 'ਚ ਇਹਨਾਂ ਕੌਂਸਲਰਾਂ ਨੇ 'ਆਪ' 'ਚ ਸ਼ਾਮਿਲ ਹੋਣ ਦਾ ਰਸਮੀ ਐਲਾਨ ਕੀਤਾ। ਆਪ ਦੇ ਸੀਨੀਅਰ ਆਗੂਆਂ ਨੇ ਇਹਨਾਂ ਕੌਂਸਲਰਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਪਾਰਟੀ ਅੰਦਰ ਢੁਕਵੇਂ ਅਹੁਦੇ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਜਾਣਗੀਆਂ। ਇਸ ਮੌਕੇ 'ਤੇ ਦਲਜੀਤ ਰਾਜੂ, ਜਸਪਾਲ ਸਿੰਘ ਪੰਡੋਰੀ ਬੀਬੀ, ਕੌਂਸਲਰ ਵਿੱਕੀ ਸੂਦ, ਓਮ ਪ੍ਰਕਾਸ਼ ਬਿੱਟੂ, ਬੌਬੀ ਬੇਦੀ ਆਦਿ ਵੀ ਹਾਜ਼ਰ ਸਨ।

# ਸਫਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਦੀ ਅਪੀਲ ’ਤੇ ਸੀਵਰਨੈਨਾਂ ਨੇ ਹੜਤਾਲ ਕੀਤੀ ਮੁਲਤਵੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਰਾਜ ਸਫਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਦੀ ਸਰਗਰਮ ਪਹਿਲ ਅਤੇ ਅਪੀਲ ਤੋਂ ਬਾਅਦ ਨਗਰ ਨਿਗਮ ਹੁਸ਼ਿਆਰਪੁਰ ਦੇ ਸੀਵਰਮੈਨਾਂ ਨੇ ਆਪਣੀ ਹੜਤਾਲ ਮੁਲਤਵੀ ਕਰਨ ਦਾ ਫੈਸਲਾ ਲਿਆ ਹੈ। ਚੇਅਰਮੈਨ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਸਫਾਈ ਕਰਮਚਾਰੀ ਯੂਨੀਅਨ ਦੇ ਨੁਮਾਇੰਦਿਆਂ ਅਤੇ ਕਰਮਚਾਰੀਆਂ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਜਿਸ ਵਿਚ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਗਿਆ ਅਤੇ ਹੱਲ ਦਾ ਭਰੋਸਾ ਦਿੱਤਾ ਗਿਆ।

ਮੀਟਿੰਗ ਵਿਚ ਚੇਅਰਮੈਨ ਨੇ ਕਰਮਚਾਰੀਆਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕਿਹਾ ਕਿ ਕਮਿਸ਼ਨ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ। ਉਨ੍ਹਾਂ ਨੇ ਯੂਨੀਅਨ ਆਗੂਆਂ ਨੂੰ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਸੁਚਾਰੂ ਬਣਾਈ ਰੱਖਣ ਲਈ ਅਪੀਲ ਕਰਦਿਆਂ ਹੜਤਾਲ ਖ਼ਤਮ ਕਰਕੇ ਕੰਮ ’ਤੇ ਜਾਣ ਦੀ ਮੰਗ ਕੀਤੀ। ਮੀਟਿੰਗ ਵਿਚ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਮੇਅਰ ਸੁਰਿੰਦਰ ਕੁਮਾਰ ਅਤੇ ਨਗਰ ਨਿਗਮ ਦੀ ਕਮਿਸ਼ਨਰ ਡਾ. ਅਮਨਦੀਪ ਕੌਰ ਵੀ ਮੌਜੂਦ ਸੀ।

ਚੰਦਨ ਗਰੇਵਾਲ ਨੇ ਕਿਹਾ ਕਿ ਸੀਵਰਮੈਨਾਂ ਦੀ ਹੱਕੀ ਮੰਗਾਂ ਜਿਵੇਂ ਪੱਕਾ ਕਰਨ ਅਤੇ ਹੋਰ ਲਾਭ ਨੂੰ ਪਹਿਲ ਦੇ ਆਧਾਰ ’ਤੇ ਪੂਰਾ ਕੀਤਾ ਜਾਵੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਜਲਦ ਹੀ ਸਫਾਈ ਕਰਮਚਾਰੀ ਯੂਨੀਅਨ ਅਤੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਵਿਚ ਮੀਟਿੰਗ ਕਰਵਾਈ ਜਾਵੇਗੀ ਜਿਥੇ ਇਨ੍ਹਾਂ ਮੁੱਦਿਆਂ ਦੇ ਹੱਲ ਲਈ ਪ੍ਰਮੁੱਖਤਾ ਨਾਲ ਚਰਚਾ ਹੋਵੇਗੀ। ਉਨ੍ਹਾਂ ਕਰਮਚਾਰੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ 'ਤੇ ਹਾਂ ਪੱਖੀ ਕਦਮ ਚੁੱਕੇ ਜਾਣਗੇ। ਉਨ੍ਹਾਂ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ ਤਾਂ ਜੋ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਬਿਹਤਰ ਬਣਾਇਆ ਜਾ ਸਕੇ।

# ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਖਟਕੜ ਕਲਾਂ ਵਿਖੇ ਸ਼ਰਧਾ ਸੁਮਨ ਕੀਤੇ ਅਰਪਿਤ

## ਕਿਹਾ, ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਪੂਰੀ ਵਾਹ ਲਗਾ ਰਹੀ ਹੈ ਸਰਕਾਰ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆ ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਨੇ 76ਵੇਂ ਗਣਤੰਤਰ ਦਿਵਸ ਮੌਕੇ ਨਵਾਂਸ਼ਹਿਰ ਵਿਖੇ ਕੌਮੀ ਝੰਡਾ ਲਹਿਰਾਉਣ ਤੋਂ ਪਹਿਲਾਂ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਯਾਦਗਾਰ ’ਤੇ ਸ਼ਰਧਾ ਸੁਮਨ ਅਰਪਿਤ ਕੀਤੇ। ਇਸ ਮੌਕੇ ਉਨਾਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਬੁੱਤ ’ਤੇ ਫੁੱਲ ਮਾਲਾਵਾਂ ਭੇਟ ਕਰਨ ਤੋਂ ਇਲਾਵਾ ਉਨਾਂ ਦੇ ਪਿਤਾ ਸ. ਕਿਸ਼ਨ ਸਿੰਘ ਦੇ ਸਮਾਰਕ ’ਤੇ ਵੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਇਸ ਮੌਕੇ ਉਨਾਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਆਜ਼ਾਦ ਫ਼ਿਜ਼ਾ ਵਿਚ ਸਾਹ ਲੈ ਰਹੇ ਹਾਂ। ਉਨਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਦੇ ਇਸ ਜੱਦੀ ਪਿੰਡ ਤੋਂ ਸਹੁੰ ਚੁੱਕ ਕੇ ਬਣੀ ਪੰਜਾਬ ਸਰਕਾਰ, ਸ਼ਹੀਦ ਭਗਤ ਸਿੰਘ ਦੀ ਸੋਚ ’ਤੇ ਪਹਿਰਾ ਦਿੰਦਿਆਂ ਫ਼ਿਰਕੂ ਸਦਭਾਵਨਾ ਵਾਲਾ ਖੁਸ਼ਹਾਲ ਸਮਾਜ ਸਿਰਜਣ ਲਈ ਪੂਰੀ ਵਾਹ ਲਗਾ



ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਦੀ ਖੁਸ਼ਹਾਲੀ ਲਈ ਕਈ ਲੋਕ ਪੱਖੀ ਤੇ ਵਿਕਾਸ ਅਧਾਰਿਤ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਕਈ ਕਦਮ ਚੁੱਕੇ ਹਨ॥ ਉਨ੍ਹਾਂ ਕਿਹਾ ਕਿ ਇਨ੍ਹਾਂ ਕਦਮਾਂ ਦਾ ਇਕੋ-ਇਕ ਉਦੇਸ਼ ਸਾਡੇ ਮਹਾਨ ਸ਼ਹੀਦਾਂ ਵੱਲੋਂ ਸੰਜੋਏ ਸੁਪਨਿਆਂ ਵਾਲਾ ਸਮਾਜ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬਾ ਸਰਕਾਰ ਨੇ ਖਟਕੜ ਕਲਾਂ ਦੀ ਇਸ ਪਵਿੱਤਰ ਧਰਤੀ 'ਤੇ ਵਿਰਾਸਤੀ ਗਲੀ ਦੇ ਨਿਰਮਾਣ ਦਾ ਫ਼ੈਸਲਾ ਕੀਤਾ ਹੈ ਤਾਂ ਕਿ ਸੁਤੰਤਰਤਾ ਸੰਗਰਾਮ ਵਿਚ ਪੰਜਾਬੀਆਂ ਤੇ ਪੰਜਾਬ ਦੇ ਸ਼ਾਨਾਮੱਤੇ ਯੋਗਦਾਨ ਨੂੰ ਦਰਸਾਇਆ ਜਾ ਸਕੇ। ਉਨ੍ਹਾਂ ਕਿਹਾ ਕਿ 850 ਮੀਟਰ ਲੰਮੀ ਇਹ ਵਿਰਾਸਤੀ ਗਲੀ ਅਜਾਇਬ ਘਰ ਤੋਂ ਸ਼ਹੀਦ ਭਗਤ ਸਿੰਘ ਦੇ ਘਰ ਤੱਕ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਗਲੀ ਜਿਥੇ ਸੁਤੰਤਰਤਾ ਸੰਗਰਾਮ ਵਿਚ ਸੂਬੇ ਦੇ ਮਹਾਨ ਯੋਗਦਾਨ ਨੂੰ ਦਰਸਾਏਗੀ, ਉੱਥੇ ਨੌਜਵਾਨਾਂ ਨੂੰ ਦੇਸ਼ ਲਈ ਤਨਦੇਹੀ ਨਾਲ ਕੰਮ ਕਰਨ ਲਈ ਵੀ ਪ੍ਰੇਰੇਗੀ। ਇਸ ਮੌਕੇ ਵਿਧਾਇਕ ਬੰਗਾ ਅਤੇ ਪੰਜਾਬ ਸਟੇਟ ਕੰਟੇਨਰ ਐਂਡ ਵੇਅਰਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ, ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ, ਐਸ. ਐਸ. ਪੀ ਡਾ. ਮਹਿਤਾਬ ਸਿੰਘ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਦੇ ਉੱਪ ਚੇਅਰਮੈਨ ਕੁਲਜੀਤ ਸਿੰਘ ਸਰਹਾਲ ਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

# ਡਾਕਟਰ ਅੰਬੇਡਕਰ ਜੀ ਦੇ ਸਟੈਚੂ ਨੂੰ ਨੁਕਸਾਨ ਪਹੁੰਚਾਉਣ ਵਾਲੇ ਦੋਸ਼ੀ ਖਿਲਾਫ ਸਖਤ ਕਾਰਵਾਈ ਕਰਵਾਉਣ ਹਿੱਤ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਸੌਂਪਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦਿਨੀ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸ਼੍ਰੀ ਅਮ੍ਰਿਤਸਰ ਸਾਹਿਬ ਵਿਖੇ ਬੁੱਤ ਦੀ ਕੀਤੀ ਭੰਨਤੋੜ ਦੇ ਰੋਸ ਵਜੋਂ ਅੱਜ ਬਾਬਾ ਸਾਹਿਬ ਜੀ ਦੀ ਨਾਮਲੇਵਾ ਜਥੇਬੰਦੀਆਂ ਵਲੋਂ ਮਿਲ ਕੇ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਮ ਦੋਸ਼ੀ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਨ ਹਿੱਤ ਇਕ ਮੰਗ ਪੱਤਰ ਦਿੱਤਾ ਗਿਆ। ਜਥੇਬੰਦੀਆਂ ਨੇ ਮੰਗ ਪੱਤਰ ਵਿੱਚ ਲਿਖਿਆ ਕਿ 26 ਜਨਵਰੀ ਨੂੰ ਛੁਆਰਾ ਚੌਂਕ ਸ਼੍ਰੀ ਅਮ੍ਰਿਤਸਰ ਸਾਹਿਬ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਨੂੰ ਦੋਸ਼ੀ ਵਲੋਂ ਭੰਨਤੋੜ ਕਰਕੇ ਅੱਗ ਲਗਾਈ ਗਈ। ਜਿਸਦੀ ਇਕ ਵੀਡੀਓ ਫੇਸਬੁੱਕ ਤੇ ਹੋਰ ਸੋਸ਼ਲ ਸਾਇਟਾਂ ਤੇ ਆਮ ਵੇਖਣ ਨੂੰ ਮਿਲੀ। ਜਿਸ ਨਾਲ ਦਰਦਮੰਦਾਂ ਦੇ ਦਿਲਾਂ ਨੂੰ ਗਹਿਰੀ ਠੇਸ ਪਹੁੰਚੀ ਹੈ। ਸ਼ਰਾਰਤੀ ਅਨਸਰਾਂ ਨੇ ਇਹ ਘਿਨਾਉਣੀ



ਹਰਕਤ ਜਾਣਬੁੱਝ ਕੇ ਕੀਤੀ ਹੈ। ਉਕਤ ਦੋਸ਼ੀ ਨੂੰ ਭਾਵੇਂ ਪੁਲਸ ਨੇ ਆਪਣੀ ਹਿਰਾਸਤ ਵਿੱਚ ਲੈ ਲਿਆ ਹੈ। ਪਰ ਇਸ ਹਰਕਤ ਪਿੱਛੇ ਸਾਜਿਸ਼ਾਂ ਰਚ ਕੇ ਸਮਾਜ ਦਾ ਮਾਹੌਲ ਖਰਾਬ ਕਰਨ ਵਾਲੇ ਲੋਕ ਅਜੇ ਵੀ ਪੁਲਸ ਦੀ ਪਹੁੰਚ ਤੋਂ ਬਾਹਰ ਬੈਠੇ ਹਨ। ਅਸੀਂ ਸਾਰੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਜਥੇਬੰਦੀਆਂ ਦੇ ਲੋਕ ਆਪ ਜੀ ਤੋਂ ਇਹ ਮੰਗ ਕਰਦੇ ਹਾਂ ਕਿ ਇਸ ਘਿਨਾਉਣੀ ਹਰਕਤ ਕਰਨ ਵਾਲੇ ਦੋਸ਼ੀ ਨੂੰ ਕਾਨੂੰਨ ਅਨੁਸਾਰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਅਤੇ ਇਸ ਸਾਰੇ ਮਸਲੇ ਪਿੱਛੇ ਸਾਜਿਸ਼ਾਂ ਰਚਣ ਵਾਲੇ ਲੋਕਾਂ ਨੂੰ ਵੀ ਬੇਨਕਾਬ ਕੀਤਾ ਜਾਵੇ ਤੇ ਉਹਨਾਂ ਤੇ ਵੀ ਸਖਤ ਕਾਰਵਾਈ ਕੀਤੀ ਜਾਵੇ। ਸਾਰੇ ਲੋਕਾਂ ਨੂੰ ਸਮਾਜ ਅੰਦਰ ਨੰਗਾ ਕੀਤਾ ਜਾਵੇ ਤਾਂ ਜੋ ਪੰਜਾਬ ਦਾ ਮਾਹੌਲ ਖਰਾਬ ਕਰਨ ਵਾਲਿਆਂ ਨੂੰ ਨੱਥ ਪਾਈ ਜਾ ਸਕੇ। ਇਸ ਘਟਨਾ ਨੂੰ ਮੁੱਖ ਰੱਖਦੇ ਹੋਏ ਪੂਰੇ ਪੰਜਾਬ ਅੰਦਰ ਆਉਂਦੇ ਸਾਰੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਇਸ ਮੌਕੇ ਮੰਗ ਪੱਤਰ ਦੇਣ ਵਾਲੀਆਂ ਜਥੇਬੰਦੀਆਂ ਵਿੱਚ ਡਾਕਟਰ ਅੰਬੇਡਕਰ ਭਵਨ ਚੈਰੀਟੇਬਲ ਟਰੱਸਟ ਰਜਿ:, ਸਾਹਿਬ ਕਾਂਸ਼ੀ ਰਾਮ ਸਮਾਜ ਬਲਾਈ ਸੁਸਾਇਟੀ, ਭਾਰਤੀਆ ਬਾਲਮੀਕ ਧਰਮ ਸਮਾਜ (ਭਾਵਾਧਸ), ਡੀ ਪੀ ਆਈ ਪਾਰਟੀ ਪੰਜਾਬ, ਆਲ ਇੰਡੀਆ ਹਿਊਮਨ ਰਾਈਟਸ ਕੌਂਸਲ, ਨਿਊ ਆਟੋ ਵਰਕਰ ਯੂਨੀਅਨ ਅਤੇ ਡਾਕਟਰ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਸਰਗਰਮ ਮੈਂਬਰਾਂ ਸਮੇਤ ਵੱਡੀ ਗਿਣਤੀ ਵਿੱਚ ਹੋਰ ਵੀ ਸਾਥੀ ਹਾਜਰ ਸਨ।

# ਸਾਹਿਤ ਸਮਾਜ

30/01/2025

## ਪੰਜਾਬੀ ਸਾਹਿਤ ਸਭਾ ਰਜਿ: ਬਰਨਾਲਾ ਦੀ ਹੋਈ ਚੋਣ

### ਕਹਾਣੀਕਾਰ ਪਵਨ ਪਰਿੰਦਾ ਬਣੇ ਜਰਨਲ ਸਕੱਤਰ ਅਤੇ ਤੇਜਾ ਸਿੰਘ ਤਿਲਕ ਪ੍ਰਧਾਨ



**ਪੰਜਾਬੀ ਸਾਹਿਤ ਸਭਾ ਰਜਿ: ਬਰਨਾਲਾ ਦੇ ਨਵੇਂ ਬਣੇਂ ਪ੍ਰਧਾਨ ਤੇਜਾ ਸਿੰਘ ਤਿਲਕ ਤੇ ਜਨਰਲ ਸਕੱਤਰ ਪਵਨ ਪਰਿੰਦਾ ਸਾਥੀ ਸਾਹਿਤਕਾਰਾਂ ਨਾਲ।**

**ਬਰਨਾਲਾ, (ਚੰਡਿਹੋਕ)** ਬਰਨਾਲਾ ਦੀ ਮੁੱਢਲੀ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਰਜਿ: ਦੀ ਸਥਾਨਕ ਚਿੰਟੂ ਪਾਰਕ ਵਿਖੇ ਮੀਟਿੰਗ ਹੋਈ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਸਾਬਕਾ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਨੇ ਦੱਸਿਆ ਕਿ ਪਿਛਲੀ ਆਗੂ ਟੀਮ ਦੇ ਦੋ ਸਾਲਾਂ ਕਾਰਜਕਾਲ ਦੀ ਸਮਾਪਤੀ ਉਪਰੰਤ ਨਵੀਂ ਸਰਬਸੰਮਤੀ ਨਾਲ ਹੋਈ ਚੋਣ ਦੌਰਾਨ ਤੇਜਾ ਸਿੰਘ ਤਿਲਕ ਨੂੰ ਮੁੜ ਪ੍ਰਧਾਨ ਤੇ ਕਹਾਣੀਕਾਰ ਪਵਨ ਪਰਿੰਦਾ ਨੂੰ ਜਨਰਲ ਸਕੱਤਰ ਚੁਣਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਵਾਰ ਤੋਂ ਅਹੁਦੇਦਾਰਾਂ ਦਾ ਕਾਰਜਕਾਲ ਦੋ ਦੀ ਥਾਂ ਤਿੰਨ ਸਾਲ ਦਾ ਹੋਵੇਗਾ। ਸਭਾ ਦੀ ਕਾਰਜਕਾਰਣੀ ਟੀਮ ਦੀ ਚੋਣ ਦਾ ਅਖ਼ਤਿਆਰ ਉਕਤ ਦੋਵਾਂ ਨਵੇਂ ਚੁਣੇ ਆਗੂਆਂ ਨੂੰ ਸੌਂਪਿਆ ਗਿਆ। ਇਸ ਸਮੇਂ ਡਾ.ਸੰਪੂਰਨ ਸਿੰਘ ਟੱਲੇਵਾਲੀਆ, ਬੂਟਾ ਸਿੰਘ ਚੌਹਾਨ, ਤੇਜਿੰਦਰ ਚੰਡਿਹੋਕ, ਰਾਮ ਸਰੂਪ ਸ਼ਰਮਾ, ਕੰਵਰਜੀਤ ਭੱਠਲ, ਡਾ.ਹਰਿਭਗਵਾਨ, ਪਾਲ ਸਿੰਘ ਲਹਿਰੀ, ਮਨਦੀਪ ਕੁਮਾਰ,ਰਘੁਬੀਰ ਸਿੰਘ ਗਿੱਲ ਕੱਟੂ ਤੇ ਹੋਰ ਸਾਹਿਤਕ ਸ਼ਖ਼ਸੀਅਤਾਂ ਸ਼ਾਮਲ ਸਨ।

# ਭਾਈਚਾਰੇ ਦੇ ਯਤਨਾਂ ਨਾਲ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਵਧਣ ਲੱਗੀ ਰੁਚੀ - ਮਿੱਤਰ ਸੈਨ ਮੀਤ










ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੇ ਮੁੱਖ ਸੰਚਾਲਕ ਮਿੱਤਰ ਸੈਨ ਮੀਤ ਵੱਲੋਂ ਪ੍ਰੈਸ ਨੂੰ ਸੰਬੋਧਨ ਹੁੰਦੇ ਦੱਸਿਆ ਗਿਆ ਕਿ ਭਾਈਚਾਰੇ ਵੱਲੋਂ ਸਕੂਲਾਂ ਤੇ ਕਾਲਜ਼ਾਂ ਦੇ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਰੂਚੀ ਪੈਦਾ ਕਰਨ ਲਈ ਵਿੱਢੀ ਗਈ ਮੁਹਿੰਮ ਨੂੰ ਸਫ਼ਲਤਾ ਪ੍ਰਾਪਤ ਹੋਣੀ ਸ਼ੁਰੂ ਹੋ ਗਈ ਹੈ।

ਉਹਨਾਂ ਦੱਸਿਆ ਕਿ ਭਾਈਚਾਰੇ ਵੱਲੋਂ ਹੁਣ ਤੱਕ ਸੱਤ ਸਕੂਲਾਂ ਵਿੱਚ 60 ਦੇ ਕਰੀਬ ਬੱਚਿਆਂ ਨੂੰ ਪੰਜਾਬੀ ਭਾਸ਼ਾ ਵਿੱਚ ਸਾਹਿਤ ਸਿਰਜਣ, ਸ਼ੁੱਧ ਉਚਾਰਨ, ਸੁੰਦਰ ਲਿਖਾਈ, ਗਾਇਨ ਆਦਿ ਲਈ ਸਕੂਲ ਬੈਗਾਂ, ਪੰਜਾਬੀ 35 ਅੱਖਰੀ ਕਲਿਪ ਬੋਰਡਾਂ, ਮੈਡਲਾਂ, ਗਿਆਨ ਵਧਾਉਣ ਵਾਲੀਆਂ ਪੁਸਤਕਾਂ ਅਤੇ ਪ੍ਰਮਾਣ ਪੱਤਰਾਂ ਨਾਲ ਉਤਸ਼ਾਹਿਤ ਕੀਤਾ ਜਾ ਚੁੱਕਾ ਹੈ। ਉਨਾਂ ਅਗਾਂਹ ਦੱਸਿਆ ਗਿਆ ਕਿ ਇਸੇ ਲੜੀ ਦਾ ਸੱਤਵਾਂ ਸਮਾਗਮ ਗਣਤੰਤਰ ਦਿਵਸ ਵਾਲੇ ਦਿਨ ਸਿਪਾਹੀ ਜਸਵੰਤ ਸਿੰਘ ਸਕੂਲ ਆਫ ਐਮੀਨੈਂਸ ਭਸੌੜ, (ਧੂਰੀ) ਵਿੱਚ ਕੀਤਾ ਗਿਆ।


ਇਸ ਸਕੂਲ ਦੇ ਸਾਹਿਤ-ਸਿਰਜਣ, ਪੰਜਾਬੀ ਸ਼ੁੱਧ ਉਚਾਰਨ, ਗਾਇਨ ਅਤੇ ਸੁੰਦਰ ਲਿਖਾਈ ਲਈ 6 ਵਿਦਿਆਰਥੀਆਂ ਰਣਦੀਪ ਕੌਰ (ਮਿਡਲ ਵਿਭਾਗ) , ਰੋਸ਼ਨ ਲਾਲ ਤਿਵਾੜੀ (ਮਿਡਲ ਵਿਭਾਗ) , ਜਗਵੀਰ ਸਿੰਘ ਕੈਂਥ (ਹਾਈ ਵਿਭਾਗ), ਸਿਮਰਨ ਕੌਰ (ਹਾਈ ਵਿਭਾਗ), ਨਫੀਸ਼ਾ ਅਲੀ (ਸੈਕੰਡਰੀ ਵਿਭਾਗ) ਅਤੇ ਅੰਜੂ ਰਾਣੀ (ਸੈਕੰਡਰੀ ਵਿਭਾਗ) ਦਾ ਉਕਤ ਵਸਤੂਆਂ ਨਾਲ ਸਨਮਾਨ ਕੀਤਾ ਗਿਆ।

ਕਵਿਤਾ ਸਿਰਜਣ ਵਿਚ ਹੱਥ ਅਜਮਾਉਣ ਵਾਲੇ ਤਿੰਨ ਵਿਦਿਆਰਥੀਆਂ ਜਸਵੀਰ ਸਿੰਘ, ਅਨਿਕੇਤ ਸਿੰਘ ਅਤੇ ਕਰਨਵੀਰ ਸਿੰਘ ਦਾ ਵੱਖਰਾ ਸਨਮਾਨ ਕੀਤਾ ਗਿਆ।

ਮੀਤ ਸਾਹਿਬ ਵੱਲੋਂ ਅੱਗੇ ਦੱਸਿਆ ਗਿਆ ਕਿ ਭਾਈਚਾਰੇ ਨੂੰ ਵੀ ਇਹਨਾਂ ਸਮਾਗਮਾਂ ਦੀ ਸਫਲਤਾ ਨੇ ਅਜਿਹੇ ਹੋਰ ਸਮਾਗਮ ਰਚਣ ਵਿੱਚ ਲਈ ਉਤਸਾਹਿਤ ਕੀਤਾ ਹੈ। ਭਾਈਚਾਰੇ ਵੱਲੋਂ, ਭਵਿੱਖ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਇਸੇ ਤਰ੍ਹਾਂ ਯਤਨ ਕੀਤੇ ਜਾਂਦੇ ਰਹਿਣਗੇ।

# ਨਸ਼ਿਆਂ ਖ਼ਿਲਾਫ਼ ਭਰਪੂਰ ਚਾਨਣ ਵੰਡ ਰਹੀ ਹੈ ਰਾਜ ਹੀਉਂ ਦੁਆਰਾ ਲਿਖੀ ਟੈਲੀ ਫਿਲਮ ਚਾਨਣ

**ਬੰਗਾ (ਚਰਨਜੀਤ ਸੱਲ੍ਹਾਂ):** ਯੂ ਟਿਊਬ ਦੇ ਚੈਨਲ ਨਟਰੰਗੀ ਪ੍ਰੋਡਕਸ਼ਨ 'ਤੇ ਹਾਲ ਹੀ ਵਿੱਚ ਰਲੀਜ਼ ਹੋਈ ਟੈਲੀ ਫਿਲਮ ਚਾਨਣ ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਅਗਾਂਹਵਧੂ ਸੋਚ ਦੇ ਧਾਰਨੀ ਲੇਖਕ ਰਾਜ ਹੀਉਂ ਵੱਲੋਂ ਲਿਖੀ ਪਟਕਥਾ ਉੱਤੇ ਨਾਮੀ ਰੰਗਮੰਚ ਅਦਾਕਾਰ ਅਤੇ ਫਿਲਮ ਡਾਇਰੈਕਟਰ ਮਨੀਸ਼ ਮਦਾਨ ਦੀ ਨਿਰਦੇਸ਼ਨਾ ਹੇਠ ਤਿਆਰ ਕੀਤੀ ਇਹ ਆਰਟ ਫਿਲਮ ਸਮਾਜ ਦੇ ਜੀਉਂਦੇ ਜਾਗਦੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਮੈਦਾਨ ਵਿੱਚ ਕੁੱਦਣ ਦਾ ਸੁਨੇਹਾ ਦਿੰਦੀ ਹੈ । ਰਾਜ ਹੀਉਂ ਅਨੁਸਾਰ ਸਭ ਕੁੱਝ ਸਰਕਾਰਾਂ ਨੇ ਹੀ ਨਹੀਂ ਕਰਨਾ ਹੁੰਦਾ ਕੁੱਝ ਲੜਾਈਆਂ ਸਮਾਜ ਨੇ ਵੀ ਲੜਨੀਆਂ ਹੁੰਦੀਆਂ ਹਨ ਅਤੇ ਸਮਾਜ ਇਹ ਲੜਾਈਆਂ ਲੜਨ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਗੁਰੂਆਂ ਪੀਰਾਂ, ਸੰਤਾਂ ਫਕੀਰਾਂ ਤੇ ਦੇਸ਼ ਭਗਤਾਂ ਦੀ ਧਰਤੀ ਪੰਜਾਬ ਨਸ਼ਿਆਂ ਦੀ ਦਲਦਲ ਵਿਚ ਗਰਕਦੀ ਜਾ ਰਹੀ ਹੈ । ਸਮੇਂ ਦੀ ਮੰਗ ਹੈ ਕਿ ਅਸੀਂ ਗੁਆਂਢੀਆਂ ਦੇ ਘਰ ਭਗਤ ਸਰਾਭੇ ਜੰਮਣ ਦੀ ਆਸ ਰੱਖਣ ਦੀ ਬਜਾਏ ਆਪ ਮੈਦਾਨ ਵਿੱਚ ਕੁੱਦੀਏ ਤਾਂ ਜੋ ਇਸ ਸਮਾਜ ਨੂੰ ਜਿਉਣ ਜੋਗਾ ਬਣਾਇਆ ਜਾ ਸਕੇ । ਆਪਣੇ ਪਿਤਾ ਮਰਹੂਮ ਸ੍ਰੀ ਗੁਰਮੇਲ ਰਾਮ ਹੀਉਂ ਦੀਆਂ ਯਾਦਾਂ ਨੂੰ ਸਮਰਪਿਤ ਇਹ




ਫਿਲਮ ਚਾਨਣ ਵੀ ਇਸੇ ਸੰਘਰਸ਼ ਦੀ ਇੱਕ ਸ਼ੁਰੂਆਤ ਹੈ। ਚਾਨਣ ਫਿਲਮ ਵਿੱਚ ਮੁੱਖ ਭੂਮਿਕਾ ਬਾਈ ਜੁਝਾਰ ਸਿੰਘ ਸੰਧੂ (ਭੰਗੜਾ ਕੋਚ) ਗੁਰਜੰਟ ਬਰਾੜ ਅਬੋਹਰ, ਚਿਰਾਗ ਨਾਗਪਾਲ, ਨੀਰਜ ਕਾਲੜਾ, ਮੈਡਮ ਰੀਟਾ ਚੌਹਾਨ, ਕੁਲਦੀਪ ਛਾਬੜਾ , ਮਿਸ ਸੁਮਨਦੀਪ ਕੌਰ, ਰਵੀ ਕੁਮਾਰ ਜੀ ਨੇ ਨਿਭਾਈ ਹੈ। ਫਿਲਮ ਦੇ ਡੀ.ਓ.ਪੀ. ਅਤੇ ਅਡੀਟਰ ਗੋਰਾ ਪਰੂਥੀ ਹਨ। ਸਹਾਇਕ ਡਾਇਰੈਕਟਰ ਮਿਸ ਇਸ਼ੂ ਸੇਠੀ, ਪ੍ਰਭਾਤ ਮਦਾਨ ਅਤੇ ਪਿੱਠਵਰਤੀ ਅਵਾਜ਼ ਹਰਜਿੰਦਰ ਬਹਾਵਾਲੀਆ ਵੱਲੋਂ ਦਿੱਤੀ ਗਈ ਹੈ। ਇਸ ਫਿਲਮ ਨੂੰ ਬਣਾਉਣ ਲਈ ਸਰਪੰਚ ਜੰਗੀਰ ਸਿੰਘ ਹਾਂਡਾ ਆਲਮਗੜ੍ਹ ਅਤੇ ਜਗਦੇਵ ਸਿੰਘ ਆਲਮਗੜ੍ਹ ਨੇ ਸ਼ਲਾਘਾਯੋਗ ਸਹਿਯੋਗ ਦਿੱਤਾ ਹੈ। ਨਿਰਦੇਸ਼ਕ ਮਨੀਸ਼ ਮਦਾਨ ਅਨੁਸਾਰ ਉਹਨਾਂ ਦੀ ਨਟਰੰਗੀ ਪ੍ਰੋਡਕਸ਼ਨ ਸਮਾਜ ਲਈ ਅਜਿਹੇ ਉਪਰਾਲੇ ਆਉਣ ਵਾਲ਼ੇ ਸਮੇਂ ਵਿੱਚ ਵੀ ਜਾਰੀ ਰੱਖੇਗੀ।

# ਖਟਕੜ ਕਲਾਂ ਸਕੂਲ ਵਿੱਚ ਤਰਕਸ਼ੀਲ ਸੁਸਾਇਟੀ ਵੱਲੋਂ ਇਨਾਮ ਵੰਡ ਸਮਾਗਮ

**ਬੰਗਾ ( ਚਰਨਜੀਤ ਸੱਲ੍ਹਾ )-** ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ ਹਾਈ ਸਕੂਲ ਖਟਕੜ ਕਲਾਂ ਵਿਖੇ ਤਰਕਸ਼ੀਲ ਸੁਸਾਇਟੀ ਇਕਾਈ ਬੰਗਾ ਵਲੋਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਗਈ।ਜਿਸ ਚੋਂ ਸਫਲ ਹੋਏ ਵਿਦਿਆਰਥੀਆਂ ਨੂੰ ਇਨਾਮ ਵਜੋਂ ਕਿਤਾਬਾਂ ਦੇ ਸੈੱਟ ਅਤੇ ਸਨਮਾਨ ਪੱਤਰ ਦਿੱਤੇ ਗਏ। ਮਿਡਲ ਪੱਧਰ ਦੀ ਪ੍ਰੀਖਿਆ ਵਿੱਚੋਂ ਅੱਠਵੀਂ ਦੇ ਲੜਕੇ ਅਭਿਸ਼ੇਕ ਪੁੱਤਰ ਸ਼੍ਰੀ ਗਯਾ ਪ੍ਰਸਾਦ ਨੇ ਪਹਿਲਾ ਸਥਾਨ, ਛੇਵੀਂ ਜਮਾਤ ਦੀ ਵਿਦਿਆਰਥਣ ਜਯੋਤੀ ਰਾਜ ਪੁੱਤਰੀ ਸ਼੍ਰੀ ਗਯਾ ਪ੍ਰਸਾਦ ਨੇ ਦੂਸਰਾ ਅਤੇ ਅੱਠਵੀਂ ਜਮਾਤ ਦੀ ਵਿਦਿਆਰਥਣ ਵੰਸ਼ਕਾ ਪੁੱਤਰੀ ਸ਼੍ਰੀ ਸਤਨਾਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸੈਕੰਡਰੀ ਪੱਧਰ ਦੀ ਪ੍ਰੀਖਿਆ ਵਿੱਚੋਂ ਦਸਵੀਂ ਦੀ





ਲੜਕੀ ਖੁਸ਼ੀ ਪੁੱਤਰੀ ਸ਼੍ਰੀ ਰਣਜੀਤ ਸਿੰਘ ਨੇ ਪਹਿਲਾ,ਨੌਵੀਂ ਦੀ ਸਿਮਰਨ ਪੁੱਤਰੀ ਸ਼੍ਰੀ ਰਾਜ ਕੁਮਾਰ ਨੇ ਦੂਸਰਾ,ਅਤੇ ਨੌਵੀਂ ਜਮਾਤ ਦੀ ਹਿਨਾ ਪੁੱਤਰੀ ਸ਼੍ਰੀ ਆਸਿਫ਼ ਨੇ ਸਕੂਲ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਜੋਨ ਨਵਾਂਸ਼ਹਿਰ ਦੇ ਮੀਡੀਆ ਮੁਖੀ ਮਾ.ਜਗਦੀਸ਼ ਰਾਏ ਪੁਰ ਡੱਬਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਇਸ ਪ੍ਰੀਖਿਆ ਦਾ ਮੁੱਖ ਮੰਤਵ ਵਿਦਿਆਰਥੀਆਂ ਦੀ ਸੋਚ ਨੂੰ ਵਿਗਿਆਨਕ ਬਣਾਉਣਾ ਹੈ। ਉਹਨਾਂ ਅੱਗੇ ਦੱਸਿਆ ਕਿ ਕਸਰਾਂ ਕੀ ਹੁੰਦੀਆਂ, ਦਬਾਅ ਕਿਵੇਂ ਪੈਂਦਾ , ਖੂਨ ਦੇ ਛਿੱਟੇ ਕਿਵੇਂ ਪੈਂਦੇ ਹਨ, ਪੇਟੀਆਂ ਚ, ਪਏ ਕੱਪੜੇ ਕਿਵੇਂ ਕੱਟੇ ਜਾਂਦੇ ਹਨ, ਅੱਗਾਂ ਕਿਵੇਂ ਲੱਗਦੀਆਂ, ਗਹਿਣੇ ਅਤੇ ਪੈਸੇ ਕਿਵੇਂ ਗੁੰਮ ਹੁੰਦੇ ਹਨ। ਉਹਨਾਂ ਦੱਸਿਆ ਕਿ ਇਹੋ ਜਿਹੇ ਕੇਸਾਂ ਵਿੱਚ ਕਿਸੇ ਭੂਤ- ਪ੍ਰੇਤ,ਆਤਮਾ, ਗੈਬੀ ਸ਼ਕਤੀਆਂ ਕੰਮ ਨਹੀਂ ਕਰਦੀਆਂ ਬਲਕਿ ਇਹਨਾਂ ਪਿੱਛੇ ਕੋਈ ਨਾ ਕੋਈ ਮਨੁੱਖੀ ਹੱਥ ਹੀ ਹੁੰਦਾ ਹੈ।

ਉਹਨਾਂ ਇਹੋ ਜਿਹੇ ਕੁੱਝ ਹੱਲ ਕੀਤੇ ਕੇਸਾਂ ਸੰਬੰਧੀ ਵੀ ਜਾਣਕਾਰੀ ਦਿੱਤੀ।

ਇਸ ਮੌਕੇ ਸਕੂਲ ਦੇ ਇੰਚਾਰਜ ਸ਼੍ਰੀਮਤੀ ਕਿਰਨਜੀਤ ਕੌਰ ਅਤੇ ਸਾਇੰਸ ਮਾਸਟਰ ਸ਼੍ਰੀ ਕੁਲਵੀਰ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਤਰਕਸ਼ੀਲ ਆਗੂ ਸੁਖਵਿੰਦਰ ਲੰਗੇਰੀ ਨੇ ਬੱਚਿਆਂ ਨੂੰ ਜਾਦੂ ਦੇ ਟਰਿੱਕ ਦਿਖਾਏ ਅਤੇ ਦੱਸਿਆ ਇਹ ਇੱਕ ਕਲਾ ਹੈ, ਹੱਥ ਦੀ ਸਫਾਈ ਹੈ ਅਤੇ ਪ੍ਰੈਕਟਿਸ ਨਾਲ ਇਸ ਨੂੰ ਕੋਈ ਵੀ ਸਿੱਖ ਸਕਦਾ ਹੈ। ਉਹਨਾਂ ਨੇ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ। ਬੱਚਿਆਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ।ਸਕੂਲ ਇੰਚਾਰਜ ਕਿਰਨਜੀਤ ਕੌਰ ਨੇ ਕਿਹਾ ਕਿ ਛਿੱਟੇ ਦੇਣ ਨਾਲ, ਪੂਜਾ ਪਾਠਾਂ ਨਾਲ, ਪੁਜਾਰੀਆਂ ਦੇਣ ਨਾਲ ਜਾਂ ਸੁੱਖਾ ਸੁੱਖਣ ਨਾਲ ਜ਼ਿੰਦਗੀ ਵਿੱਚ ਸਫਲ ਨਹੀਂ ਹੋਇਆ ਜਾਂਦਾ। ਸਫਲ ਹੋਣ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ।ਸੋ ਤੁਸੀਂ ਸਫ਼ਲ ਹੋਣ ਲਈ ਵੱਧ ਤੋਂ ਵੱਧ ਪੜ੍ਹਾਈ ਵੱਲ੍ਹ ਧਿਆਨ ਦਿਉ।ਵੱਧ ਸਿੱਖਣ ਲਈ ਚੰਗੀ ਸੇਧ ਦੇਣ ਵਾਲੀਆਂ ਕਿਤਾਬਾਂ ਪੜ੍ਹੋ ਅਤੇ ਆਪਣੀ ਸੋਚ ਨੂੰ ਵਿਗਿਆਨਕ ਬਣਾਉ। ਅੰਤ ਵਿੱਚ ਉਹਨਾਂ ਆਏ ਤਰਕਸ਼ੀਲ ਆਗੂਆਂ ਦਾ ਧੰਨਵਾਦ ਕੀਤਾ ਅੱਗੇ ਤੋਂ ਹੋਰ ਵਧੀਆ ਨਤੀਜੇ ਲਿਆਉਣ ਦਾ ਅਹਿਦ ਕੀਤਾ। ਤਰਕਸ਼ੀਲ ਸੁਸਾਇਟੀ ਵੱਲੋਂ ਬਲਜੀਤ ਖਟਕੜ ਨੇ ਸਕੂਲ ਦੇ ਸਮੁੱਚੇ ਸਟਾਫ ਮੈਂਬਰਾਂ ਅਤੇ ਬੱਚਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਮੈਡਮ ਰੋਜ਼ੀ ਬਾਲਾ, ਪਵਨਦੀਪ, ਕਮਲਜੀਤ ਕੌਰ, ਅਵਤਾਰ ਕੌਰ, ਅਮਨਦੀਪ ਕੌਰ,ਸ਼ਮਾ ਅਤੇ ਸ੍ਰੀ ਜਸਵੀਰ ਸਿੰਘ ਹਾਜ਼ਰ ਸਨ।

**ਮਾਸਟਰ ਜਗਦੀਸ਼**
**ਵਿੱਤ ਸਕੱਤਰ ਇਕਾਈ ਬੰਗਾ।**
**ਫੋਨ 9417434038**

# ਤਾਂ ਫਿਰ ਆਪਾਂ ਜਿੱਤ ਗਏ


ਤਾਇਆ ਤਾਇਆ ਆਪਾਂ ਜਿੱਤ ਗਏ। ਹੁਣ ਸਰਪੰਚੀ ਆਪਣੀ ਝੋਲੀ ਵਿੱਚ ਹੈ। ਆਪਣੀ ਮਿਹਨਤ ਰੰਗ ਲਿਆਈ। ਦੁਸ਼ਮਣ ਨੂੰ ਹਰਾ ਦਿੱਤਾ। ਢੋਲ ਦੀ ਆਵਾਜ ਵਿੱਚ ਲੁੱਡੀਆਂ ਪਾਉਂਦੇ ਹੋਏ ਨੋਜਵਾਨਾਂ ਨੇ ਦਰਵਾਜੇ ਵਿੱਚ ਮੰਜੀ ਤੇ ਰਜਾਈ ਲਈ ਪਏ ਤਾਏ ਨੂੰ ਆਖਿਆ। ਨੋਜਵਾਨਾਂ ਕੋਲੋ ਖੁਸ਼ੀ ਸੰਭਾਲੇ ਨਹੀ ਸੀ ਸੰਭਲਦੀ। ਉਏ ਤੁਸੀ ਸਵਾਹ ਜਿੱਤ ਗਏ। ਤੁਸੀ ਸਾਰੇ ਹਾਰ ਗਏ ਹੋ। ਭਾਂਵੇ ਤੁਸੀ ਸਰਪੰਚੀ ਜਿੱਤ ਲਈ। ਪਰ ਤੁਸੀ ਬਹੁਤ ਕੁਝ ਹਾਰ ਗਏ ਹੋ। ਤੁਸੀ ਉਹ ਸਭ ਕੁਝ ਹਾਰ ਗਏ ਹੋ ਜੋ ਕਦੇ ਜਿੱਤਿਆ ਨਹੀ ਜਾ ਸਕਦਾ। ਤੁਸੀ ਆਪਣਾ ਭਾਈਚਾਰਾ ਹਾਰ ਗਏ ਹੋ ਮੂਰਖੋ।ਤੁਸੀ ਆਪਣੀ ਲਿਆਕਤ ਨਾਲ ਨਹੀ ਜਿੱਤੇ ਤੁਸੀ ਹੋਛੇ ਹੱਥਕੰਡੇ ਅਪਣਾਕੇ ਜਿੱਤੇ ਹੋ। ਇਹ ਤੁਹਾਡੀ ਜਿੱਤ ਨਹੀ। ਹਾਰ ਹੈ ਕਰਾਰੀ ਹਾਰ। ਹਾਲ ਹੀ ਵਿੱਚ ਹੋਈਆਂ ਪੰਚਾਇਤੀ ਚੋਣਾਂ ਦੇ ਨਤੀਜੇ ਦੱਸਦੇ ਹਨ। ਕਿ ਭਾਂਵੇ ਲੋਕ ਵੋਟਾਂ ਵਿੱਚ ਜਿੱਤ ਗਏ। ਪੰਚ ਸਰਪੰਚ ਬਣ ਗਏ। ਪਰ ਸਿਆਸਤਦਾਨਾਂ ਦੀਆਂ ਚਾਲਾਂ ਮੂਹਰੇ ਹਾਰ ਗਏ ਹਨ। ਜਦੋ ਬੰਦਾ ਆਪਣੀ ਜਮੀਰ ਮਾਰ ਲਵੇ। ਤੇ ਮਰੀ ਹੋਈ ਜਮੀਰ ਨਾਲ ਸਫਲਤਾ ਪ੍ਰਾਪਤ ਕਰੇ ਤਾਂ ਉਹ ਜਿੱਤ ਨਹੀ ਹੁੰਦੀ ਹਾਰ ਹੀ ਹੁੰਦੀ ਹੈ। ਮੇਰੇ ਯਾਦ ਹੈ ਕਿਸੇ ਲੜਕੀ ਦਾ ਆਪਣੇ ਸਹੁਰਾ ਪੱਖ ਨਾਲ ਝਗੜਾ ਸੀ। ਨਿੱਤ ਦਾ ਲੜਾਈ ਕਲੇਸ਼ ਸੀ। ਗੱਲ ਠਾਣਿਆਂ ਤੋ ਹੁੰਦੀ ਕੋਰਟ ਕਚਹਿਰੀਆਂ ਤੱਕ ਪੁੰਹਚ ਗਈ। ਲੜਕੀ ਪੱਖ ਨੇ ਆਪਣਾ ਪੱਖ ਮਜਬੂਤ ਕਰਨ ਲਈ ਦਾਜ ਦਾ ਆਰੋਪ ਲਗਾਇਆ। ਪਰ ਫਿਰ ਵੀ ਉਹ ਗੱਲ ਨਾ ਬਣੀ। ਫਿਰ ਆਪਣੇ ਵਕੀਲ ਦੀ ਸਲਾਹ ਤੇ ਲੜਕੀ ਨੇ ਆਪਣੇ ਪਿਤਾ ਸਮਾਨ ਸਹੁਰੇ ਤੇ ਜਿਸਮਾਨੀ ਛੇੜਛਾੜ ਦਾ ਸੰਗੀਨ ਆਰੋਪ ਲਗਾ ਦਿੱਤਾ। ਚਾਹੇ ਇਸ ਨਾਲ ਲੜਕੀ ਵਾਲੇ ਜਿੱਤ ਗਏ ।ਪਰ ਲੜਕੀ ਦੇ ਦਿਮਾਗ ਤੇ ਬੋਝ ਪੈ ਗਿਆ। ਉਹ ਲੜਕੀ ਕੇਸ ਜਿੱਤਕੇ ਵੀ ਹਾਰ ਗਈ । ਉਸਦੀ ਜਮੀਰ ਨੇ ਉਸਨੂੰ ਲਾਹਨਤਾਂ ਪਾਈਆਂ। ਇਹ ਅੱਜ ਕੱਲ ਦਾ ਦਸਤੂਰ ਹੈ। ਆਪਣਾ ਕੇਸ਼ ਜਿੱਤਣ ਲਈ ਕੋਈ ਕਿਸ ਹੱਦ ਤੱਕ ਵੀ ਗਿਰ ਸਕਦਾ ਹੈ। ਅਜਿਹੀ ਜਿੱਤ ਨੂੰ ਜਿੱਤ ਨਹੀ ਕਿਹਾ ਜਾ ਸਕਦਾ।

ਆਦਿ ਕਾਲ ਵਿੱਚ ਵੀ ਬਹੁਤ ਯੁੱਧ ਹੋਏ ਹਨ। ਅਸੂਲਾਂ ਨਾਲ ਜਿੱਤੇ ਯੁੱਧ ਦਾ ਇਤਿਹਾਸ ਹਮੇਸ਼ਾ ਸੁਨਿਹਰੀ ਅੱਖਰਾਂ ਵਿੱਚ ਲਿਖਿਆ ਜਾਂਦਾ ਹੈ। ਪਰ ਔਛੇ ਹੱਥਕੰਡੇ ਅਪਣਾ ਕਿ ਜਿੱਤਿਆ ਗਿਆ ਯੁੱਧ ਕਿਸੇ ਸ੍ਰੇਣੀ ਵਿੱਚ ਨਹੀ ਆਉਦਾ। ਮਹਾਂਭਾਰਤ ਵਿੱਚ ਗਦਾਧਾਰੀ ਭੀਮ ਦੁਆਰਾ ਗਦਾ ਯੁੱਧ ਦੇ ਨਿਯਮਾਂ ਨੂੰ ਛਿੱਕੇ ਟੰਗਕੇ ਦੁਰਜੋਧਨ ਤੇ ਵਾਰ ਕੀਤੇ ਗਏ ਸਨ ਜਿਸਦੀ ਭਗਵਾਨ ਸ੍ਰੀ ਕ੍ਰਿਸ਼ਨ ਦੇ ਭਰਾਤਾ ਬਲਰਾਮ ਨੇ ਨਿਖੇਧੀ ਕੀਤੀ ਸੀ। ਚਾਹੇ ਬਾਦ ਵਿੱਚ ਉਸਨੂੰ ਆਪਣੇ ਤਰਕਾਂ ਨਾਲ ਜਾਇਜ ਠਹਿਰਾਉਣ ਦੀ ਕੋਸਿਸ ਕੀਤੀ ਗਈ ਸੀ। ਇਸੇ ਤਰਾਂ ਨਾਲ ਭਗਵਾਨ ਸ੍ਰੀ ਰਾਮ ਚੰਦਰ ਜੀ ਨੇ ਵੀ ਬਾਲੀ ਦੇ ਮਗਰੋ ਤੀਰ ਮਾਰਿਆ ਸੀ ਜਿਸਨੂੰ ਵੀ ਇਤਿਹਾਸ ਤੇ ਸਮੇ ਨੇ ਸਹੀ ਨਹੀ ਸੀ ਮੰਨਿਆ ਪਰ ਬਾਦ ਵਿਚ ਇਸਨੂੰ ਵੀ ਆਪਣੇ ਤਰਕਾਂ ਨਾਲ ਸਹੀ ਠਹਿਰਾਉਣ ਦੀ ਕੋਸਿਸ ਕੀਤੀ ਗਈ।

ਕਿਸੇ ਵੀ ਯੁੱਧ ਦੇ ਦੋ ਹੀ ਨਤੀਜੇ ਹੁੰਦੇ ਹਨ। ਜਿੱਤ ਜਾ ਹਾਰ। ਇੱਕ ਪੱਖ ਜਿੱਤਦਾ ਹੈ ਤੇ ਦੂਜਾ ਹਾਰਦਾ ਹੈ।ਕਈ ਵਾਰੀ ਯੁੱਧ ਹਾਰਣ ਵਾਲੇ ਦੀ ਜਿਆਦਾ ਪ੍ਰੰਸਸਾਂ ਕੀਤੀ ਜਾਂਦੀ ਹੈ। ਆਪਣੀ ਹਾਰ ਨੂੰ ਖਿੜ੍ਹੇ ਮੱਥੇ ਸਵੀਕਾਰ ਕਰਨਾ। ਆਪਣੀ ਕਮੀ ਜਾਂ ਕੰਮਜੋਰੀ ਨੂੰ ਮੰਨ ਲੈਣਾ। ਹਾਰ ਜਾਣਾ ਪਰ ਆਪਣੀ ਜਮੀਰ ਨੂੰ ਹਾਰਣ ਨਾ ਦੇਣਾ। ਜਿੱਤਣ ਲਈ ਅਸੂਲਾਂ ਦੀ ਬਲੀ ਨਾ ਦੇਣਾ। ਅਜਿਹੀ ਹਾਰ ਜਿੱਤ ਨਾਲੋ ਲੱਖ ਦਰਜੇ ਵਧੀਆ ਹੁੰਦੀ ਹੈ। ਕਹਿੰਦੇ ਜਿੱਤਣ ਤੋਂ ਬਾਅਦ ਮਹਾਨ ਸਿਕੰਦਰ ਨੇ ਹਾਰੇ ਹੋਏ ਪੋਰਸ ਨੂੰ ਪੁਛਿਆ ਕਿ ਤੇਰੇ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ ? ਤਾਂ ਹਾਰਣ ਤੋ ਬਾਦ ਵੀ ਪੂਰੇ ਜਲੋ ਵਿੱਚ ਆਏ ਪੋਰਸ ਨੇ ਕਿਹਾ ਕਿ ਮੇਰੇ ਨਾਲ ਅਜਿਹਾ ਸਲੂਕ ਕੀਤਾ ਜਾਵੇ ਜੋ ਇੱਕ ਜਿੱਤਿਆ ਹੋਇਆ ਰਾਜਾ ਇੱਕ ਹਾਰੇ ਹੋਏ ਰਾਜੇ ਨਾਲ ਕਰਦਾ ਹੈ।

ਜਿੱਤਣ ਦਾ ਸਿਰਫ ਇਹ ਹੀ ਮਤਲਬ ਨਹੀ ਹੁੰਦਾ ਕਿ ਤੁਸੀ ਸਿਰਫ ਜਿੱਤਣਾ ਹੀ ਹੈ। ਕਈ ਵਾਰੀ ਅਸੂਲਾਂ ਤੇ ਮਿਲੀ ਹਾਰ ਦਾ ਮਜਾ ਜਿੱਤ ਨਾਲੋ ਹਜਾਰ ਗੁਣ ਜਿਆਦ ਹੁੰਦਾ ਹੈ। ਪਰ ਜਿਵੇ ਕੁਝ ਲੋਕ ਆਪਣਾ ਹੀ ਤਰਕ ਦਿੰਦੇ ਹਨ ਕਿ ਪਿਆਰ ਅਤੇ ਲੜਾਈ ਵਿੱਚ ਸਭ ਜਾਇਜ ਹੈ।ਇਹ ਸਿਰਫ ਜਿੱਤਣ ਲਈ ਅਪਣਾਈਆਂ ਗਈਆਂ ਗਲਤ ਨੀਤੀਆਂ ਨੂੰ ਸਹੀ ਠਹਿਰਾਉਣ ਦਾ ਬਹਾਨਾ ਹਨ। ਜੇ ਜਿੱਤਣਾਂ ਹੀ ਨਿਸ਼ਾਨਾਂ ਹੁੰਦਾ ਤਾਂ ਮਹਾਂਪੁਰਸ਼ ਵੱਡੇ ਵੱਡੇ ਯੁੱਧ ਕਦੇ ਨਾ ਹਾਰਦੇ। ਉਹਨਾ ਨੇ ਵੀ ਅਸੂਲਾਂ ਦੀ ਲੜਾਈ ਲੜੀ ਅਤੇ ਕੁਰਬਾਨੀਆਂ ਦਿੱਤੀਆਂ। ਜਿੱਤਣ ਲਈ ਜਾਂ ਰਾਜ ਦੀ ਪ੍ਰਾਪਤੀ ਲਈ ਉਹ ਵੀ ਅਸੂਲਾਂ ਨੂੰ ਛਿੱਕੇ ਟੰਗ ਸਕਦੇ ਸਨ। ਪਰ ਉਹਨਾਂ ਨੇ ਅਜਿਹੀ ਜਿੱਤ ਨਾਲੋ ਹਾਰ ਨੂੰ ਗਲੇ ਲਾਉਣਾ ਮੁਨਾਸਿਵ ਸਮਝਿਆ।

ਗੱਲ ਪੰਚੀ ਸਰਪੰਚੀ ਦੀਆਂ ਚੋਣਾਂ ਤੋ ਸੁਰੂ ਹੋਈ ਸੀ। ਤਾਂ ਫਿਰ ਆਪਾਂ ਜਿੱਤ ਗਏ? ਇਸ ਸਵਾਲ ਦਾ ਜਬਾਬ ਉਸ ਮੰਜੀ ਤੇ ਪਏ ਤਾਏ ਕੋਲ ਹੀ ਹੈ। ਕਿ ਆਪਾਂ ਜਿੱਤ ਗਏ ਜਾਂ ਹਾਰ ਗਏ। ਪੁੱਤ ਆਪਾਂ ਹਾਰ ਗਏ ਹਾਂ। ਇਹਨਾਂ ਲੀਡਰਾਂ ਦੀਆਂ ਚਾਲਾਂ ਨਹੀ ਸਮਝ ਸਕੇ। ਅਸੀ ਆਪਣਾਂ ਸਰੀਕਾ ਭਾਈਚਾਰਾ ਖਤਮ ਕਰ ਲਿਆ। ਅਸੀ ਉਸ ਸਖਸ਼ ਨੂੰ ਹਰਾਕੇ ਭੰਗੜੇ ਪਾ ਰਹੇ ਹਾਂ ਜੋ ਪਿਛਲੇ ਪੰਝੀ ਤੀਹ ਸਾਲਾਂ ਤੋ ਸਾਡੇ ਪਿੰਡ ਦੇ ਵਿਕਾਸ ਲਈ ਅਤੇ ਸੇਮ ਖਤਮ ਕਰਾਉਣ ਲਈ ਜੋਰ ਲਾ ਰਿਹਾ ਹੈ।ਜੋ ਸਰਪੰਚ ਨਾ ਹੁੰਦਾ ਹੋਇਆ ਵੀ ਸਾਡੇ ਕੰਮ ਕਰ ਰਿਹਾ ਹੈ।ਅਸੀ ਕਦੇ ਵੀ ਉਸਦਾ ਮਾੜਾ ਪੱਖ ਨਹੀ ਵੇਖਿਆ। ਨੇਤਾਵਾਂ ਦੇ ਮਗਰ ਲੱਗਕੇ ਅਸੀ ਉਸੇ ਥਾਲੀ ਵਿੱਚ ਛੇਦ ਕਰ ਰਹੇ ਹਾਂ ਜਿਸ ਵਿੱਚ ਅਸੀ ਰੋਟੀ ਖਾਂਦੇ ਹਾਂ।ਤੇ ਉਸ ਬੰਦੇ ਦਾ ਸਮਰਥਨ ਕਰ ਰਹੇ ਹਾਂ ਜੋ ਪਿੰਡ ਦੀ ਸ਼ਾਮਲਾਤ ਤੇ ਕਬਜਾ ਕਰੀ ਬੈਠਾ ਹੈ। ਲੋਕਾਂ ਦਾ ਮਾਲੀਆ ਖਾ ਗਿਆ।ਪਿੰਡ ਦੇ ਏਕੇ ਨੂੰ ਤੋੜਕੇ ਅਸੀ ਕੋਈ ਪ੍ਰਪਾਤੀ ਨਹੀ ਕਰ ਸਕਦੇ। ਮੰਜੀ ਤੇ ਪਿਆ ਤਾਇਆ ਡਾਢਾ ਦੁਖੀ ਸੀ ਉਸਨੂੰ ਸਰਪੰਚੀ ਦੀ ਜਿੱਤ ਦੀ ਖੁਸ਼ੀ ਨਹੀ ਸੀ ਭਾਈਚਾਰਾ ਟੁੱਟਣ ਦਾ ਦੁੱਖ ਸੀ।ਕਿਸੇ ਸਰੀਫ ਬੰਦੇ ਤੇ ਲਾਏ ਸੰਗੀਨ ਦੋਸ਼ਾ ਨਾਲ ਪ੍ਰਪਾਤ ਕੀਤੀ ਸਰਪੰਚੀ ਦੀ ਖੁਸ਼ੀ ਨਹੀ ਸੀ ਸਗੋ ਕਿਸੇ ਦੇ ਅਕਸ ਨੂੰ ਢਾਹ ਲਾਕੇ ਪ੍ਰਪਾਤ ਕੀਤੀ ਜਿੱਤ ਦਾ ਅਫਸੋਸ ਸੀ ਪਰ ਮੰਡੀਰ ਅਤੇ ਵੀ ਢੋਲ ਕੁੱਟ ਰਹੀ ਸੀ।



**ਰਮੇਸ ਸੇਠੀ ਬਾਦਲ**
**ਮੋ 98 766 27233**


DHAN DHAN SATGURU RAVIDAS MAHARAJ JI
HAPPY DALLI & K P CREATIONS
PRESENT
ਕੰਗਣ
KANGAN
(DAMRI 2)
A FILM BY
SMR FILM PRODUCTION
LYRICS HAPPY DALLI
MUSIC SUNIL BAWA
PRODUCER NITIN PAUL (NZ)
EDITOR MAYA STUDIO
DIRECTOR NISHU KASHYAP
DESIGN BY MANDEEP KB
LABEL HAK RECORDS
SPECIAL THANKS S.KUMAR (ARCHITECT & BUILDER), MOHINDER PAUL PRESIDENT (DR. B. R. AMBEDKAR MISSION SOCIETY NZ)
PREET SAMRALA
SINGER
SARBJEET PHULL
SINGER

# ਬੋਧ ਗਯਾ ਮਹਾਂ ਟੈਂਪਲ ਨੂੰ ਗੈਰ ਬੋਧੀਆਂ ਤੋਂ ਮੁਕਤ ਕਰਵਾਉਣ ਲਈ ਅੰਦੋਲਨ




**ਸਮਾਜ ਵੀਕਲੀ ਯੂ ਕੇ-**

ਜਲੰਧਰ- ਬੋਧ ਗਯਾ ਮਹਾਂ ਟੈਂਪਲ ਨੂੰ ਗੈਰ ਬੋਧੀਆਂ ਤੋਂ ਮੁਕਤ ਕਰਵਾਉਣ ਲਈ ਮਾਨਯੋਗ ਅਕਾਸ਼ ਲਾਮਾ ਜੀ ਪੰਜਾਬ ਦੇ ਬੁਧਿਸ਼ਟ ਅਤੇ ਅੰਬੇਡਕਰੀ ਸਾਥੀਆਂ ਨੂੰ ਮਿਲ ਰਹੇ ਹਨ ਅਤੇ ਬੇਨਤੀ ਕਰ ਰਹੇਂ ਹਨ ਕਿ ਅਸੀਂ ਸਾਰੇ ਰਲ ਮਿਲ ਕੇ ਬਿਹਾਰ ਰਾਜ ਵਿੱਚ ਤਥਾਗਤ ਬੁੱਧ ਦੀ ਗਿਆਨ ਪ੍ਰਾਪਤੀ ਦੀ ਯਾਦ ਵਿੱਚ ਜੋ ਸਮਰਾਟ ਅਸ਼ੋਕ ਵੱਲੋਂ ਵਿਸ਼ਾਲ ਟੈਂਪਲ ਬਣਵਾਇਆ ਗਿਆ ਹੈ, ਨੂੰ ਬ੍ਰਾਹਮਣ ਦੀ ਕਾਰਜ ਕਾਰਨੀ ਕਮੇਟੀ ਤੋਂ ਮੁਕਤ ਕਰਵਾਉਣ ਲਈ ਅੰਦੋਲਨ ਕੀਤਾ ਗਿਆ ਹੈ, ਨੂੰ ਸਫਲ ਬਣਾਇਆ ਜਾਵੇ।

ਉਹਨਾਂ ਅੱਜ ਮਿਤੀ 29-01-2025 ਨੂੰ ਜਲੰਧਰ ਵਿਖੇ ਪ੍ਰੈਸ ਕਾਨਫਰੰਸ ਵਿੱਚ ਪੂਰੇ ਪੰਜਾਬ ਦੇ ਸਾਥੀਆ ਨੂੰ ਬੇਨਤੀ ਕੀਤੀ।

ਤਥਾਗਤ ਬੁੱਧ ਦਾ ਧੰਮ ਸ਼ਾਂਤੀ ਦਾ ਪ੍ਰਤੀਕ ਹੈ ਜਿਸ ਨਾਲ ਸਮਾਜ ਵਿੱਚ ਸ਼ਾਂਤੀ ਬਣੀ ਰਹੀ ਪਰ ਅੱਜ ਤਥਾਗਤ ਬੁੱਧ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਪੂਰੇ ਭਾਰਤ ਦੇਸ਼ ਅੰਦਰ ਆਟੇ ਵਿੱਚ ਲੂਣ ਸਮਾਨ ਹੈ॥।

ਭਾਵ ਕਿ ਸ਼ਾਂਤੀ ਬਹੁਤ ਜਲਦੀ ਭੰਗ ਕੀਤੀ ਜਾ ਸਕਦੀ ਹੈ ਅਤੇ ਬ੍ਰਾਹਮਣ ਸਮਾਜ ਇਹ ਸਮੇਂ ਸਮੇਂ ਤੇ ਚੈਕ ਵੀ ਕਰਦਾ ਰਹਿੰਦਾ ਹੈ॥

ਉਦਾਹਰਨ ਦੇ ਤੌਰ ਤੇ ਕਦੀ ਸੰਸਦ ਵਿੱਚੋਂ ਅੰਮਿਤ ਸ਼ਾਹ ਦਾ ਗਲਤ ਬਿਆਨ ਆਉਂਦਾ ਹੈ ਅਤੇ ਕਦੇ ਬਾਬਾ ਸਾਹਿਬ ਜੀ ਦੀ ਪ੍ਰਤਿਮਾ ਨੂੰ ਤੋੜਨ ਦਾ ਦਿਨ ਦਿਹਾੜੇ ਕੰਮ ਕੀਤਾ ਜਾਂਦਾ ਹੈ ਕਿਉਂ ਕਿ ਬ੍ਰਾਹਮਣ ਨੂੰ ਅਸ਼ਾਂਤੀ ਪਸੰਦ ਹੈ।

ਉਹ ਕਦੇ ਵੀ ਸ਼ਾਂਤੀ ਵਿੱਚ ਨਹੀਂ ਰਹਿ ਸਕਦਾ ਜਿਸ ਪ੍ਰਕਾਰ ਗੰਦਗੀ ਦਾ ਕੀੜਾ ਗੰਦਗੀ ਨਾ ਮਿਲਣ ਤੇ ਮਰ ਜਾਂਦਾ ਹੈ, ਇਸੇ ਪ੍ਰਕਾਰ ਬ੍ਰਾਹਮਣ ਦਾ ਅਸਿਸਤਵ ਅਸ਼ਾਂਤੀ ਨਾਲ ਬਰਕਰਾਰ ਰਹਿੰਦਾ ਹੈ।



ਸਾਡਾ ਭੋਲ਼ਾ ਭਾਲਾ ਸਮਾਜ ਬ੍ਰਾਹਮਣ ਦੀ ਚਾਲ ਨੂੰ ਸਮਝ ਨਹੀਂ ਪਾਉਂਦਾ ਅਤੇ ਡਟ ਕੇ ਬ੍ਰਾਹਮਣ ਦਾ ਕੰਮ ਕਰ ਦਿੰਦਾ ਹੈ ਭਾਵ ਕਿ ਅਸ਼ਾਂਤੀ ਦਾ ਵਾਤਾਵਰਣ ਤਿਆਰ ਕਰ ਲੈਂਦਾ ਹੈ।

ਬ੍ਰਾਹਮਣ ਵੀ ਇਹ ਹੀ ਚਾਹੁੰਦਾ ਹੈ ਕਿ ਇਹ ਲੋਕ ਅਸਾਂਤ ਰਹਿਣ, ਦੁਖੀ ਰਹਿਣ ਅਤੇ ਸਰਕਾਰਾਂ ਨੂੰ ਦੋਸ਼ੀ ਮੰਨੀ ਜਾਣ॥ ॥।

ਬ੍ਰਾਹਮਣ ਚੰਗਿਆੜੀ ਦਿੰਦਾ ਹੈ ਅਤੇ ਸਾਡਾ ਇਕੱਠਾ ਕੀਤਾ ਗਿਆ ਮਾਨਸਿਕ ਬਾਰੂਦ ਫੱਟ ਜਾਂਦਾ ਹੈ ਅਤੇ ਅਸੀਂ ਆਪਣਾ ਹੀ ਨੁਕਸਾਨ ਕਰ ਲੈਂਦੇ ਹਾਂ। ਤਥਾਗਤ ਬੁੱਧ ਜੀ ਦੀ ਇਹ ਸਿੱਖਿਆ ਨਹੀਂ ਸੀ, ਉਹ ਕਹਿੰਦੇ ਸਨ ਕਿ ਵੈਰ ਨਾਲ ਵੈਰ ਕਦੇ ਖਤਮ ਹੋ ਹੀ ਨਹੀਂ ਸਕਦਾ॥।

ਬ੍ਰਾਹਮਣ ਵਾਦ ਭਾਵ ਗੰਦਗੀ ਨੂੰ ਖਤਮ ਕਰਨ ਲਈ ਸਾਨੂੰ ਆਪਣੇ ਮਹਾਂਪੁਰਸ਼ਾਂ ਦੀਆਂ ਸਿੱਖਿਆਵਾਂ ਦੀ ਸ਼ਰਨ ਜਾਣਾ ਪਵੇਗਾ... ਬਾਬਾ ਸਾਹਿਬ ਜੀ ਨੂੰ ਪੜਨਾ ਪਵੇਗਾ ਅਤੇ ਅੰਦੋਲਨਾਂ ਨੂੰ ਕਾਮਯਾਬ ਕਰ ਕੇ ਜਿੱਤ ਪ੍ਰਾਪਤ ਕਰਨੀ ਪਵੇਗੀ।

ਇਹ ਹੀ ਅੰਦੋਲਨ ਮਾਨਯੋਗ ਅਕਾਸ਼ ਲਾਮਾ ਜੀ ਵੱਲੋਂ ਬੋਧ ਗਯਾ ਨੂੰ ਬ੍ਰਾਹਮਣ ਤੋਂ ਮੁਕਤ ਕਰਨ ਲਈ ਚਲਾਇਆ ਗਿਆ ਹੈ।

ਸ਼ਾਂਤੀ ਦਾ ਮਾਰਗ ਹੈ ਕਿ ਕਿਸੇ ਨੂੰ ਦੁੱਖ ਨਹੀਂ ਦੇਣਾ ਅਤੇ ਆਪਣਾ ਅੰਦੋਲਨ ਚਲਾਈ ਜਾਣਾ ਪਰ ਸਾਡਾ ਸਮਾਜ ਅੰਦੋਲਨ ਦੇ ਨਾਮ ਤੇ ਆਪ ਵੀ ਦੁਖੀ ਰਹਿੰਦਾ ਹੈ ਅਤੇ ਆਪਣਾ ਆਪਾ ਦੁਆਲਾ ਵੀ ਦੁਖੀ ਬਣਾ ਲੈਂਦਾ ਹੈ। ਬਾਬਾ ਸਾਹਿਬ ਜੀ ਵਾਂਗ ਅੰਦੋਲਨ ਕਰਨੇ ਪੈਣਗੇ ਅਤੇ ਨਿਰੰਤਰ ਕਰਨੇ ਪੈਣਗੇ, ਬਿਨਾ ਰੁਕੇ ਬਿਨਾਂ ਥੱਕੇ ਕਰਨੇ ਪੈਣਗੇ, ਫਿਰ ਹੀ ਕਾਮਯਾਬੀ ਮਿਲਣੀ ਹੈ। ਸੋ ਸਾਥੀਓ ਅਸੀ ਸਾਰੇ ਰਲ ਮਿਲ ਕੇ ਆਪਣੇ ਆਪਣਾ ਯੋਗਦਾਨ ਬੋਧਗਯਾ ਮੁਕਤੀ ਅੰਦੋਲਨ ਵਿੱਚ ਪਾਈਏ ਅਤੇ ਬ੍ਰਾਹਮਣ ਵਾਦ ਦੀ ਗੰਦਗੀ ਵੱਧਣ ਤੋਂ ਰੋਕ ਸਕੀਏ ਅਤੇ ਆਪਣੇ ਮਹਾਂਪੁਰਸ਼ਾ ਦੀ ਸਹੀ ਵਿਚਾਰ ਧਾਰਾ ਦਾ ਪ੍ਰਚਾਰ ਪ੍ਰਸਾਰ ਕਰੀਏ।

ਮਾਨਯੋਗ ਅਕਾਸ਼ ਲਾਮਾ ਜੀ ਦਾ ਸਮੂਹ ਅੰਬੇਡਕਰੀ ਭਾਈਚਾਰੇ ਵੱਲੋਂ ਬਹੁਤ ਬਹੁਤ ਸਾਧੂਵਾਦ ਜੋ ਉਹਨਾਂ ਇੱਕ ਬਹੁਤ ਵੱਡੇ ਅੰਦੋਲਨ ਨਾਲ ਪੰਜਾਬੀਆਂ ਨੂੰ ਜੋੜਿਆ ਹੈ।

ਬ੍ਰਾਹਮਣ ਮੁਕਤ ਭਾਰਤ, ਅਡੰਬਰ ਮੁਕਤ ਭਾਰਤ

**ਧੰਨਵਾਦ ਸਹਿਤ – ਰਾਜ ਕੁਮਾਰ ਬੋਧ**
**ਪ੍ਰਧਾਨ ਵਿਸ਼ਵ ਬੋਧ ਸੰਘ ਪੰਜਾਬ (ਰਜਿ) – ਜੈ ਭੀਮ ਨਮੋ ਬੁਧਾਏ**



Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com